2

# ਮਸੀਹ, ਨਬੀਆਂ ਅਤੇ ਫ਼ਰਿਸ਼ਤਿਆਂ ਨਾਲੋਂ ਉੱਤਮ (ਭਾਗ 2)

## (2:1—18)

### ਮਸੀਹ, ਮਨੁੱਖਾਂ ਨੂੰ ਮੁਕਤੀ ਦੇਣ ਵਾਲਾ, ਫ਼ਰਿਸ਼ਤਿਆਂ ਨਾਲੋਂ ਉੱਤਮ (2:1-18)

ਬੇਪਰਵਾਹੀ ਦੇ ਵਿਰੁੱਧ ਚਿਤਾਵਨੀ (2: 1-4)

1ਇਸ ਕਾਰਨ ਚਾਹੀਦਾ ਹੈ ਜੋ ਅਸੀਂ ਉਨ੍ਹਾਂ ਗੱਲਾਂ ਦਾ ਜਿਹੜੀਆਂ ਸੁਣੀਆਂ ਹੋਰ ਵੀ ਧਿਆਨ ਰੱਖੀਏ
ਅਜਿਹਾ ਨਾ ਹੋਵੇ ਭਈ ਕਿਤੇ ਅਸੀਂ ਉਨ੍ਹਾਂ ਤੋਂ ਵਹਿ ਕੇ ਦੂਰ ਹੋ ਜਾਈਏ। 2ਜਦੋਂ ਉਹ ਵਚਨ ਜਿਹੜਾ ਦੂਤਾਂ
ਦੀ ਜ਼ਬਾਨੀ ਆਖਿਆ ਗਿਆ ਸੀ ਦ੍ਰਿੜ ਠਹਿਰਿਆ ਅਤੇ ਹਰੇਕ ਅਪਰਾਧ ਅਤੇ ਅਣਆਗਿਆਕਾਰੀ ਦਾ
ਠੀਕ ਠੀਕ ਬਦਲਾ ਮਿਲਿਆ। 3ਤਾਂ ਅਸੀਂ ਕਿੱਕੁਰ ਬਚ ਨਿੱਕਲਾਂਗੇ ਜੇ ਐਡੀ ਵੱਡੀ ਮੁਕਤੀ ਦੀ ਬੇਪਰਵਾਹੀ
ਕਰੀਏ ਜੋ ਪਹਿਲਾਂ ਪ੍ਰਭੂ ਦੇ ਰਾਹੀਂ ਆਖੀ ਗਈ ਸੀ ਅਤੇ ਸੁਣਨ ਵਾਲਿਆਂ ਤੋਂ ਸਾਨੂੰ ਸਾਬਤ ਹੋਈ?
4ਪਰਮੇਸ਼ੁਰ ਵੀ ਨਿਸ਼ਾਨੀਆਂ ਅਤੇ ਅਚੰਭਿਆਂ ਅਤੇ ਨਾਨਾ ਪਰਕਾਰ ਦੀਆਂ ਕਰਾਮਾਤਾਂ ਅਤੇ ਪਵਿੱਤਰ
ਆਤਮਾ ਦੀਆਂ ਵੰਡਾਂ ਦੇ ਵਸੀਲੇ ਆਪਣੀ ਇੱਛਿਆ ਦੇ ਅਨੁਸਾਰ ਉਨ੍ਹਾਂ ਦੇ ਨਾਲ ਸਾਖੀ ਦਿੰਦਾ ਰਿਹਾ।

ਇਹ ਭਾਗ ਇਬਰਾਨੀਆਂ ਵਿਚ ਖ਼ੁਦਾ ਦੇ ਵਚਨ ਤੋਂ ਦੂਰ ਹੋਣ ਨੂੰ ਲੈ ਕੇ ਉਸ ਦਾ ਵਿਦਰੋਹ ਕਰਨ ਤਕ ਦੇ ਸਾਰੇ ਪਾਪਾਂ ਦੇ ਵਿਰੁੱਧ ਚਿਤਾਵਨੀ ਦੀਆਂ ਪੰਜ ਤਾੜਨਾਵਾਂ ਵਿੱਚੋਂ ਪਹਿਲੀ ਹੈ (12: 14–29)। ਲੇਖਕ ਨੇ "ਉਪੇਦਸ਼ ਦੇ ਵਚਨ" ਦੇਣ ਦਾ ਵਰਣਨ ਕੀਤਾ (13:22) ਅਤੇ ਉਸ ਨੇ ਉਸ ਮਕਸਦ ਨੂੰ ਪੂਰਾ ਕੀਤਾ।

**ਆਇਤ 1.** ਆਇਤਾਂ 1 ਤੋਂ 4 ਆਮ ਤੌਰ ਤੇ ਬਰੈਕਟ ਦੇ ਰੂਪ ਵਿਚ ਵੇਖਿਆ ਜਾਂਦਾ ਹੈ; ਪਰ ਜਿਵੇਂ ਕਿ **ਇਸ ਕਾਰਨ** ਤੋਂ ਸੰਕੇਤ ਮਿਲਦਾ ਹੈ, ਉਹ ਅਸਲ ਵਿਚ ਅਧਿਆਇ 1 ਵਿਚ ਦਿੱਤੇ ਗਏ ਤਰਕ ਦਾ ਸਾਰ ਵਧੇਰੇ ਲਗਦਾ ਹੈ। ਲੇਖਕ ਨੇ ਆਪਣੇ ਵਿਆਪਕ ਤਰਕ ਨੂੰ ਸੰਖੇਪ ਕੀਤਾ, ਭਾਵੇਂ ਉਹ ਇਸ ਉੱਤੇ ਹੋਰ ਗੱਲ ਕਰਦਾ, ਆਪਣੀ ਇਸ ਤਸਦੀਕ ਦੇ ਨਾਲ ਕਿ ਫ਼ਰਿਸ਼ਤਿਆਂ ਵੱਲੋਂ ਦਿੱਤਾ ਗਿਆ ਨੇਮ ਅਤੇ ਮਸੀਹ ਵੱਲੋਂ ਦਿੱਤਾ ਗਿਆ ਨੇਮ ਬਰਾਬਰ ਨਹੀਂ ਹਨ (ਆਇਤ 2)। ਜੇ ਅਸੀਂ ਉਸ ਮੁਕਤੀ ਨੂੰ ਨਜ਼ਰਅੰਦਾਜ਼ ਕਰੀਏ ਜਿਹੜੀ ਨਵੇਂ ਨੇਮ ਵਿਚ ਦਿੱਤੀ ਗਈ ਹੈ ਤਾਂ ਬਚਣ ਦੀ ਕੋਈ ਸੰਭਾਵਨਾ ਨਹੀਂ ਹੈ (ਆਇਤ 3)।

ਆਇਤ 5 ਤੋਂ ਅੱਗੇ ਲੇਖ ਦੇ ਤੌਰ ਤੇ ਇਹ ਪੱਤਰੀ ਮਨੁੱਖਜਾਤੀ ਦੀ ਨੀਵੀਂ ਹਾਲਤ ਵਿਚ ਬਦਲ ਜਾਂਦੀ ਹੈ ਅਤੇ ਕਿਸੇ ਤਰ੍ਹਾਂ ਨਾਲ ਮਨੁੱਖੀ ਹਾਲਤ ਵਿਚ ਆ ਕੇ ਮਸੀਹ ਸਾਡੇ ਨਾਲ ਮਿਲ ਗਿਆ। ਲੇਖਕ ਨੇ ਸਮਝਾਇਆ ਕਿ ਫ਼ਰਿਸ਼ਤਿਆਂ ਨਾਲ ਜਿਨ੍ਹਾਂ ਨੇ ਪੁਰਾਣੇ ਨੇਮ ਦੀ ਵਿਚੋਲਗੀ ਕੀਤੀ ਸੀ ਕਿਤੇ ਵਧੀਆ

ਨੇਮ ਦੇਣ ਦੇ ਰਾਹੀਂ ਹੋਰ ਵੀ ਵੱਡੀਆਂ ਬਰਕਤਾਂ ਮਿਲੀਆਂ ਸਨ। ਇਸ ਕਾਰਣ ਸਾਡੇ ਤੋਂ ਕਿਤੇ ਵੱਧ ਦੀ ਉਮੀਦ ਕੀਤੀ ਜਾਂਦੀ ਹੈ। ਸਿਧਾਂਤ ਉਹੀ ਹੈ ਜਿਹੜਾ ਯਿਸੂ ਨੇ ਸਿਖਾਇਆ ਸੀ ਕਿ ਜਿੱਥੇ ਬਹੁਤ ਦਿੱਤਾ ਜਾਂਦਾ ਹੈ ਉੱਥੇ ਹੀ ਬਹੁਤੇ ਦੀ ਮੰਗ ਕੀਤੀ ਜਾਂਦੀ ਹੈ (ਲੂਕਾ 12:47, 48; ਮੱਤੀ 11:20–24) । ਸਾਨੂੰ ਮਸੀਹ ਵਿਚ ਵੱਡੇ ਮੁਕਾਸ਼ਫੇ ਅਤੇ ਬਰਕਤਾਂ ਮਿਲੀਆਂ ਹਨ ਇਸ ਕਾਰਣ ਉਸ ਦੀ ਆਗਿਆ ਮੰਨਣ ਅਤੇ ਉਸ ਦੇ ਵਫ਼ਦਾਰ ਬਣੇ ਰਹਿਣ ਦੀ ਜ਼ਿੰਮੇਵਾਰੀ ਵੀ ਵੱਡੀ ਹੈ।

ਇਕ ਪ੍ਰਾਸੰਗਿਕਤਾ ਹਮੇਸ਼ਾ ਧਰਮ ਪੁਸਤਕ ਤੋਂ ਜ਼ਿੰਦਗੀ ਨਾਲ ਬਣਾਈ ਜਾਣੀ ਚਾਹੀਦੀ ਹੈ, ਅਤੇ ਇਬਰਾਨੀਆਂ ਦਾ ਲੇਖਕ ਇਸ ਨੂੰ ਇੱਥੇ ਵਰਤਣ ਵਿਚ ਹੁਸ਼ਿਆਰ ਸੀ। ਉਹ ਪੂਰੀ ਕਿਤਾਬ ਵਿਚ ਧਰਮ ਪੁਸਤਕ ਨਾਲ ਪ੍ਰਾਸੰਗਿਕਤਾ ਵੱਲ ਜਾਂਦਾ ਰਿਹਾ। ਜ਼ਿੰਦਗੀ ਨਾਲ ਤੱਥਾਂ ਦੇ ਮਹੱਤਵ ਨੂੰ ਲਾਗੂ ਕੀਤੇ ਬਗੈਰ ਮਸੀਹ ਦੀ ਮਹਾਨਤਾ ਨੂੰ ਮੰਨਣਾ ਉਸ ਵੱਡੀ ਸਚਿਆਈ ਨੂੰ ਕਿਸੇ ਪਾਠਕ ਲਈ ਲਗਭਗ ਬੇਕਾਰ ਹੀ ਕਰ ਦਵੇਗਾ। ਖ਼ੁਦਾ ਦੀ ਵਿਸ਼ਾਲ ਕਿਰਪਾ ਨੂੰ ਧਿਆਨ ਵਿਚ ਰੱਖਦੇ ਹੋਏ ਜਿਹੜੀ ਪਾਪ ਤੋਂ ਮਨੁੱਖਜਾਤੀ ਨੂੰ ਛੁਡਾਉਣ ਲਈ ਸੰਸਾਰ ਵਿਚ ਉਸ ਨੇ ਆਪਣੇ ਪੁੱਤਰ ਨੂੰ ਭੇਜ ਕੇ ਵਿਖਾਈ, ਸਾਡੀ ਨੈਤਿਕ ਜ਼ਿੰਮੇਵਾਰੀ ਹੈ ਕਿ ਅਸੀਂ ਇੰਜੀਲ ਦੇ ਪ੍ਰਚਾਰ ਵੱਲ ਬਹੁਤ ਸਾਵਧਾਨੀ ਨਾਲ ਧਿਆਨ ਦਈਏ।

**ਹੋਰ *[ perissōs ]* ਵੀ ਧਿਆਨ ਰੱਖੀਏ** ਦੀ ਵਰਤੋਂ ''ਵੱਧ ਤੋਂ ਵੱਧ ਧਿਆਨ ਦੇਣ'' ਦੇ ਅਰਥ ਵਿਚ ਕੀਤੀ ਗਈ ਹੈ। ਫ਼ਿਲਿੱਪੁਸ ਦੇ ਅਨੁਵਾਦ ਵਿਚ ''ਇਸ ਲਈ ਸਾਨੂੰ ਸੱਭ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ।''

ਸਾਨੂੰ ''ਹੋਰ ਵੀ ਮਨ ਲਾਉਣਾ'' ਜ਼ਰੂਰੀ ਹੈ ਇਸ ਲਈ ਘੱਟੋ ਘੱਟ ਇਸ ਵਿਚ ਇਸ ਗੱਲ ਦੀ ਧਮਕੀ ਹੈ ਕਿ ਜੇ ਅਸੀਂ ਮਨ ਨਹੀਂ ਲਗਾਉਂਦੇ ਤਾਂ ਅਸੀਂ ਨਾਸ ਹੋ ਜਾਵਾਂਗੇ। ਜਿਹੜੇ ਲੋਕ ਇਸ ਤਾੜਨਾ ਵੱਲ ਧਿਆਨ ਨਹੀਂ ਲਾਉਂਦੇ ਉਹ ਅਨੰਤਕਾਲ ਲਈ ਬੇਫ਼ਿਕਰ ਹਨ।

ਹੋਰ ਵੀ **ਉਨ੍ਹਾਂ ਗੱਲਾਂ ਦਾ ਜਿਹੜੀਆਂ ਸੁਣੀਆਂ** ਹਨ ਮਨ ਲਾਉਣਾ ਜ਼ਰੂਰੀ ਹੈ। ਅਸੀਂ ਕੀ ਸੁਣਿਆ ਹੈ? ਸ਼ੁੱਧ ਖ਼ਬਰ (ਜਾਂ ਖੁਸ਼ਖ਼ਬਰੀ) ਵਿਚ ਜੋ ਕੁਝ ਵੀ ਹੈ ਉਸ ਨੂੰ ਸਮਝ ਵਿਚ ਆਉਂਦਾ ਹੈ। ਖੁਸ਼ਖ਼ਬਰੀ ਨੂੰ ਚਾਰ ਤੱਤਾਂ ਵਾਲਾ ਦੱਸਿਆ ਜਾ ਸਕਦਾ ਹੈ। ਪਹਿਲਾਂ ਤਾਂ ਇਸ ਵਿਚ *ਤੱਥ* ਹਨ ਜਿਨ੍ਹਾਂ ਤੇ ਅਸੀਂ ਨਿਹਚਾ ਕਰਦੇ ਹਾਂ, ਕਿਉਂਕਿ ਖੁਸ਼ਖ਼ਬਰੀ ਦੇ ਸੰਦੇਸ਼ ਦਾ ਸਾਰ ਇਹੀ ਹੈ (1 ਕੁਰਿੰਥੀਆਂ 15:1–4)। ਦੂਜਾ ਇਸ ਵਿਚ *ਵਾਅਦੇ* ਹਨ ਜਿਨ੍ਹਾਂ ਵਿਚ ਸਾਡੀ ਉਮੀਦ ਹੈ (ਰੋਮੀਆਂ 8:24; ਤੀਤੁਸ 1:2), ਸੁਰਗ, ਅਨੰਤ ਜੀਉਣ, ਜੀ ਉੱਠਣ ਵਿਚ ਦੇਹ ਦੇ ਛੁਟਕਾਰੇ ਅਤੇ ਇਸ ਜ਼ਿੰਦਗੀ ਵਿਚ ਖ਼ੁਦਾ ਦੇ ਇੰਤਜ਼ਾਮ ਦੀ ਉਮੀਦ ਸਹਿਤ। ਤੀਜਾ ਇਸ ਵਿਚ ਮੰਨਣ ਲਈ *ਵਾਅਦੇ* ਹਨ ਅਤੇ ਜਿਨ੍ਹਾਂ ਨੂੰ ਮੰਨਣਾ ਸਾਡੇ ਲਈ ਜ਼ਰੂਰੀ ਹੈ (ਮੱਤੀ 28:19, 20; ਮਰਕੁਸ 16:15, 16; 2 ਤਿਮੋਥਿਉਸ 2:2)। ਚੌਥਾ ਇਸ ਵਿਚ ਉਨ੍ਹਾਂ ਲਈ ਜਿਹੜੇ ਉਸ ਦੀ ਆਗਿਆ ਨਹੀਂ ਮੰਨਦੇ ਹਨ *ਸਜ਼ਾ* ਦਾ ਸੰਕੇਤ ਹੈ (2 ਥੱਸਲੁਨੀਕੀਆਂ 1:7–9; ਮੱਤੀ 25:31, 46; ਇਬਰਾਨੀਆਂ 10:26–29 ਅਤੇ 12:28, 29 ਨਾਲ ਤੁਲਨਾ ਕਰੋ)।

ਜੋ ਕੁਝ ਅਸੀਂ ਸੁਣਿਆ ਹੈ ਸਾਨੂੰ ਉਨ੍ਹਾਂ ਤੇ ਮਨ ਲਾਉਣਾ ਜ਼ਰੂਰੀ ਹੈ। **ਅਜਿਹਾ ਨਾ ਹੋਵੇ ਭਈ ਕਿਤੇ ਅਸੀਂ ਉਨ੍ਹਾਂ ਤੋਂ ਵਹਿ ਕੇ ਦੂਰ ਹੋ ਜਾਈਏ।** ਇਸ ਵਾਕ ਅੰਸ਼ ਦਾ ਅਨੁਵਾਦ ਵੱਖ ਵੱਖ ਕੀਤਾ ਜਾਂਦਾ ਹੈ: ''ਅਜਿਹਾ ਨਾ ਹੋਵੇ ਕਿ ਅਸੀਂ ਕਿਸੇ ਵਕਤ ਉਨ੍ਹਾਂ ਨੂੰ ਹੱਥੋਂ ਜਾਣ ਦਈਏ'' (KJV); ''ਅਜਿਹਾ ਨਾ ਹੋਵੇ ਕਿ ਅਸੀਂ ਬਹਿਕ ਜਾਈਏ'' (NKJV); ''ਕਿਤੇ ਅਸੀਂ ਬਹਿਕ ਨਾ ਜਾਈਏ'' (NIV)। ਇਸ ਕਥਨ ਦੇ ਸਹੀ ਅਰਥ ਤੇ ਵਿਵਾਦ ਹੈ। ਭਲਾ ਖੁਸ਼ਖ਼ਬਰੀ ਨਾਲ ਅਸੀਂ ਬਹਿਕ ਜਾਵਾਂਗੇ ਜਾਂ ਖੁਸ਼ਖ਼ਬਰੀ ਸਾਡੇ ਤੋਂ ਬਹਿਕ ਜਾਏਗੀ? ਲੇਖਕ ਨੇ ਆਪਣੇ ਪਾਠਕਾਂ ਨੂੰ ''ਖ਼ਬਰਦਾਰ'' ਕਰਦੇ ਹੋਏ ਆਪਣੇ ਆਪ ਨੂੰ ਵੀ ਮਿਲਾਇਆ!

ਯੂਨਾਨੀ ਸ਼ਬਦ ਦੇ ਅਨੁਵਾਦ ''ਵਹਿ ਕੇ'' ਦੇ ਮੂਲ ਅਰਥ ਵਿਚ ''ਪਿੱਛੇ ਨੂੰ ਵਹਿਣਾ'' ਹੈ ਅਤੇ ਨਵੇਂ ਨੇਮ ਵਿਚ ਸਿਰਫ਼ ਇੱਥੇ ਹੀ ਮਿਲਦਾ ਹੈ। (ਅਜਿਹੇ ਹੀ ਇਕ ਇਬਰਾਨੀ ਸ਼ਬਦ ਦੀ ਵਰਤੋਂ

ਕਹਾਉਤਾਂ 3:21 ਵਿਚ ਹੋਈ ਹੈ।) ਇਹ *parareō* ਦਾ ਆਮ, ਕਰਮਵਾਚ ਹੈ। ਇਸ ਬਹਿ ਜਾਣ ਲਈ ਕਈ ਉਦਾਹਰਣਾਂ ਦੀ ਵਰਤੋਂ ਕੀਤੀ ਜਾਂਦੀ ਹੈ: ਜਹਾਜ਼ ਆਪਣੇ ਲੰਗਰ ਤੋਂ ਛੁਟ ਕੇ ਨਾਸ ਵੱਲ ਬਹਿ ਜਾਂਦਾ ਹੈ; ਕੀਮਤੀ ਛੱਲਾ ਬੇਪਰਵਾਹ ਤੈਰਾਕ ਦੀ ਉਂਗਲੀ ਤੋਂ ਲਹਿ ਜਾਂਦਾ ਹੈ; ਜਾਂ ਲੰਮੀ ਦੌੜ ਦੌੜਨ ਵਾਲਾ ਭੱਜਦੇ ਭੱਜਦੇ ਗਲਤ ਮੋੜ ਲੈ ਲੈਂਦਾ ਹੈ। ਅਜਿਹੇ ਫਿਸਲਣ ਤੀ ਦੁਖਾਂਤ ਨੂੰ ਮਈ 2002 ਵਿਚ ਸਪੱਸ਼ਟ ਵਿਖਾਇਆ ਗਿਆ ਜਦ ਹੋਕਲਾਹੋਮਾ ਪੁਲ ਨੂੰ ਟਕਰਾਉਂਦੇ ਹੋਏ ਇਕ ਕਿਸ਼ਤੀ ਨੂੰ ਬਹਿ ਜਾਣ ਦਿੱਤਾ ਗਿਆ। ਪੁਲ ਦਾ ਕੁਝ ਹਿੱਸਾ ਨਦੀ ਵਿਚ ਡਿੱਗ ਗਿਆ ਅਤੇ ਕਈ ਕਾਰਾਂ ਓਸੇ ਪਲ ਪਾਣੀ ਵਿਚ ਟੁੱਟ ਗਈਆਂ ਜਿਸ ਨਾਲ ਕਈ ਯਾਤਰੀ ਡੁੱਬ ਗਏ।

ਇਸ ਲਈ ਇਸ ਸ਼ਬਦ ਦਾ ਵਿਚਾਰ ਇਹ ਹੈ ਕਿ ਸਾਨੂੰ ਆਪਣੀ ਜ਼ਿੰਦਗੀਆਂ ਨੂੰ ਜਿਗਿਆਸਾ ਨਾਲ ਲੰਗਰ ਲਾਉਣਾ ਜ਼ਰੂਰੀ ਹੈ ਜਿਹੜਾ ਸਾਨੂੰ ਸਿਖਾਇਆ ਗਿਆ ਹੈ ਅਤੇ ਜੀਵਨ ਦੇ ਆਪਣੇ ਜਹਾਜ਼ ਨੂੰ ਬੰਦਰਗਾਹ ਵਿਚ ਬਹਿ ਜਾਣ ਲਈ ਟੁੱਟਣ ਨਹੀਂ ਦੇਣਾ ਸੀ। ਐਫ਼. ਐਫ਼. ਬਰੂਸ ਨੇ ਆਖਿਆ ਹੈ, ''ਇੱਥੇ ਕਿਰਿਆ ਸ਼ਬਦ ਦਾ ਜੋ ਵੀ ਸੰਖੇਪ ਰੂਪਕੀ ਜ਼ੋਰ ਹੋਵੇ ਪਰ ਸਾਡਾ ਲੇਖਕ ਮਸੀਹੀ ਪਾਠਕਾਂ ਨੂੰ ਜਿਨ੍ਹਾਂ ਨੇ ਖੁਸ਼ਖ਼ਬਰੀ ਨੂੰ ਸੁਣਿਆ ਅਤੇ ਉਸ ਨੂੰ ਮੰਨਿਆ ਸੀ, ਚਿਤਾਵਨੀ ਦੇ ਰਿਹਾ ਹੈ ਕਿ ਜੇ ਉਹ ਆਪਣੀ ਨਿਹਚਾ ਨੂੰ ਤਿਆਗਣ ਦੀ ਪਰੀਖਿਆ ਵਿਚ ਫਸ ਜਾਂਦੇ ਹਨ ਤਾਂ ਉਨ੍ਹਾਂ ਦੀ ਹਾਲਤ ਨਿਰਾਸ਼ਾ ਭਰੀ ਹੋਵੇਗੀ।''[1]

**ਆਇਤ 2. ਜਦੋਂ ਉਹ ਵਚਨ ਜਿਹੜਾ ਦੂਤਾਂ ਦੀ ਜ਼ਬਾਨੀ ਆਖਿਆ ਗਿਆ ਸੀ** ਵਾਕਅੰਸ਼ ਇਕ ਅਜਿਹੇ ਭਾਗ ਦੀ ਸ਼ੁਰੂਆਤ ਕਰਦਾ ਹੈ ਜਿਹੜਾ ਉਲੰਘਣ ਨਹੀਂ ਹੈ ਸਗੋਂ ਜੋ ਕੁਝ ਪਹਿਲਾਂ ਹੋ ਗਿਆ ਹੈ ਉਸ ਦੇ ਚਰਮ ਅਤੇ ਜ਼ਰੂਰੀ ਖੁਲਾਸੇ ਦਾ ਕੰਮ ਕਰਦਾ ਹੈ। ਇਸ ਉਪਦੇਸ਼ ਦਾ ਸਬੰਧ ਖ਼ਤ ਦੇ ਸਾਰ ਵਿਚ ਹੈ ਜਿਹੜਾ ਪਾਠਕਾਂ ਨੂੰ ਨਿਹਚਾ ਤੋਂ ਦੂਰ ਜਾਣ ਤੋਂ ਰੋਕਣ ਲਈ ਹੈ।

ਲੇਖਕ ਦੇ ਵਕਤ ਆਮ ਤੌਰ ਤੇ ਇਸ ਉੱਤੇ ਰਜ਼ਾਮੰਦੀ ਸੀ ਕਿ ਫ਼ਰਿਸ਼ਤਿਆਂ ਨੇ ਨੇਮ ਦੇ ਦੇਣ ਵਿਚ ਮਦਦ ਕੀਤੀ ਸੀ। ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੀ ਗਈ ਟਿੱਪਣੀ ਨਾਲ ਇਸ ਵਿਚਾਰ ਨੂੰ ਇਜਾਜ਼ਤ ਮਿਲੀ ਸੀ (ਰਸੂਲਾਂ ਦੇ ਕੰਮ 7:38, 53; ਗਲਾਤੀਆਂ 3:19)। ਜੇ ਇਹ ਸਮਝ ਨਾ ਹੁੰਦੀ ਕਿ ਫ਼ਰਿਸ਼ਤਿਆਂ ਨੇ ਨੇਮ ਨੂੰ ਦੇਣ ਵਿਚ ਮਦਦ ਕੀਤੀ ਸੀ ਤਾਂ ਪਾਠਕਾਂ ਜਾਂ ਸੁਣਨ ਵਾਲਿਆਂ ਵਿਚ ਯਿਸੂ ਦੇ ਫ਼ਰਿਸ਼ਤਿਆਂ ਦੇ ਲੋੜ ਤੋਂ ਜਿਆਦਾ ਵੱਡਾ ਹੋਣ ਦੇ ਲੇਖਕ ਦੇ ਤਰਕ ਤੇ ਵਿਚਾਰ ਕਰਦੇ ਹਨ।

''ਜਿਹੜਾ ਵਚਨ ਸੁਰਗਦੂਤ ਦੇ ਰਾਹੀਂ ਆਖਿਆ ਗਿਆ ਸੀ'' ਉਸ ਨੂੰ **ਦ੍ਰਿੜ** (*bebaios*), ਭਾਵ ''ਨਾ ਬਦਲਣ ਵਾਲਾ'' (NASB), ''ਸਹੀ'' (RSV), ਜਾਂ ''ਲਾਜ਼ਮੀ'' (NIV) ਹੈ। ਇਸ ਵੇਰਵੇ ਦਾ ਅਰਥ ਹੈ ਕਿ ਸ਼ਰ੍ਹਾ ਦੀ ਹਰ ਗੱਲ ਅੱਖਰ ਅੱਖਰ ਪੂਰੀ ਹੋਣ ਵਾਲੀ ਸੀ; ਆਗਿਆ ਨਾ ਮੰਨਣ ਲਈ ਸਜ਼ਾਵਾਂ ਸਾਫ਼ ਸਾਫ਼ ਦੱਸੀਆਂ ਗਈਆਂ ਸਨ। ਪੁਰਾਣੇ ਨੇਮ ਦਾ ਜ਼ਿਆਦਾਤਰ ਇਤਿਹਾਸ ਇਸ ਤੱਥ ਦੀ ਤਸਦੀਕ ਕਰਦਾ ਹੈ। ਇਸ ਵਿਚ ਇਕ ਤੱਥ ਇਹ ਹੈ ਕਿ ਪਾਪੀ ਰਾਜਿਆਂ ਨੇ ਲਗਭਗ ਪੱਕੇ ਤੌਰ ਤੇ ਵੀ ਧਰਮੀ ਰਾਜਿਆਂ ਨਾਲੋਂ ਘੱਟ ਸਮੇਂ ਲਈ ਰਾਜ ਕੀਤਾ।

ਗਿਣਤੀ 15:30 ਜ਼ਬਰਦਸਤੀ ਦੇ ਪਾਪਾਂ ਜਾਂ ''ਵਿਦਰੋਹ ਨਾਲ'' ਕੀਤੇ ਗਏ ਪਾਪਾਂ ਦੀ ਸਜ਼ਾ ਦੱਸੀ ਹੈ। ਅਜਿਹਾ ਪਾਪ ਸ਼ਾਇਦ ''ਜਾਣ ਬੁਝ ਕੇ ਪਾਪ'' ਪਾਪ ਕਰਨ ਦੇ ਸਮਾਨ ਸੀ (ਇਬਰਾਨੀਆਂ 10:26)। ਪੂਰੀ ਸਮਝ ਦੇ ਨਾਲ ਕਿ ਮਨੁੱਖ ਖ਼ੁਦਾ ਦੇ ਵਿਰੁੱਧ ਪਾਪ ਕਰ ਰਿਹਾ ਹੈ ਕੀਤਾ ਗਿਆ ਬਗ਼ਾਵਤ ਦੇ ਪਾਪ ਲਈ ਮਾਫ਼ੀ ਬਹੁਤ ਘੱਟ ਜਾਂ ਬਿਲਕੁਲ ਗੁੰਜਾਇਸ਼ ਨਹੀਂ ਸੀ। ਹਰ ਆਗਿਆ ਵਿਚ ਖ਼ੁਦਾ ਨੇ ਆਗਿਆ ਨਾ ਮੰਨਣ ਦੀ ਸਜ਼ਾ ਦੱਸ ਦਿੱਤੀ ਸੀ। ਖ਼ੁਦਾ ਦੀ ਪਵਿੱਤਰ ਹੁਕਮਾਂ ਦੇ ਨਾਲ ਪੂਰੀ ਤਰ੍ਹਾਂ ਨਾਲ ਸਮਰਪਣ ਦੇ ਮਹੱਤਵ ਤੇ ਬੜਾ ਜ਼ੋਰ ਦਿੱਤੇ ਜਾਣ ਨਾਲ ਪ੍ਰਭਾਵਿਤ ਹੋਏ ਬਿਨਾਂ ਵਿਵਸਥਾਸਾਰ ਦੀ ਕਿਤਾਬ ਨੂੰ ਪੜ੍ਹਿਆ ਨਹੀਂ ਜਾ ਸਕਦਾ (ਵੇਖੋ ਵਿਵਸਥਾਸਾਰ 4:2; 28:1, 9, 14–46)।

ਪੁਰਾਣੀ ਸ਼ਰ੍ਹਾ ਦੇ ਨੇਮ ਦੀਆਂ ਮੁੱਖ ਗੱਲਾਂ ਸਾਫ਼ ਸਾਫ਼ ਦੱਸ ਦਿੱਤੀਆਂ ਗਈਆਂ ਸਨ ਜਦ

ਆਗਿਆ ਮੰਨਣ ਵਾਲਿਆਂ ਲਈ ਬਰਕਤ, ਅਤੇ ਆਗਿਆ ਨਾ ਮੰਨਣ ਵਾਲਿਆਂ ਲਈ ਸਰਾਪ ਦੱਸੇ ਗਏ ਸਨ (ਵਿਵਸਥਾਸਾਰ 28:15–46)। ਸ਼ਰ੍ਹਾਂ ਨਰਮਾਈ ਨੂੰ ਨਹੀਂ ਸਗੋਂ ਨਿਆਂ ਨੂੰ ਵਧਾਵਾ ਦਿੰਦੀ ਸੀ। ਉਦਾਹਰਣ ਲਈ ''ਅੱਖ ਦੇ ਬਦਲੇ ਅੱਖ'' ਸਾਫ਼ ਸਾਫ਼ ਦੱਸਦਾ ਹੈ, ਜਦ ਕਿ ਨਾਲ ਦੀਆਂ ਸਭਿਅਤਾਵਾਂ ਦੇ ਕੁਝ ਨੇਮਾਂ ਵਿਚ ਇਸ ਦੇ ਉਲਟ ''ਇਕ ਅੱਖ ਦੇ ਬਦਲੇ ਦੋ ਅੱਖਾਂ'' ਸਨ (ਵੇਖੋ ਲੇਵੀਆਂ ਦੀ ਪੋਥੀ 24:19, 20)।[2]

ਆਇਤ 2 ਵਿਚ ਦੋ ਤਰ੍ਹਾਂ ਦੇ ਪਾਪ ਸਾਫ਼ ਦੱਸੇ ਗਏ ਹਨ। **ਅਪਰਾਧ** ਜਾਂ ''ਅੱਗੇ ਵੱਧ ਜਾਣਾ,'' ਤਦ ਹੋਣਾ ਸੀ ਜਦ ਕੋਈ ਕਿਸੇ ਕੰਮ ਨੂੰ ਜਿਸ ਨੂੰ ਖ਼ੁਦਾ ਦੇ ਨੇਮ ਨੇ ਸਾਫ਼ ਸਾਫ਼ ਮਨਾਂ ਕੀਤਾ ਹੋਵੇ ਨਾ ਮੰਨਿਆ ਹੋਵੇ। ਉਦਾਹਰਣ ਲਈ ਸ਼ਰ੍ਹਾ ਵਿਚ ਆਖਿਆ ਗਿਆ ਸੀ, ''ਤੂੰ ਖ਼ੂਨ ਨਾ ਕਰ'' (ਕੂਚ 20:13); ਜੇ ਕੋਈ ਇਸ ਨੇਮ ਨੂੰ ਤੋੜਦਾ ਤਾਂ ਉਹ ਅਪਰਾਧੀ ਮੰਨਿਆ ਜਾਂਦਾ ਸੀ।

**ਅਣਆਗਿਆਕਾਰੀ** ਲਈ ਸ਼ਬਦ ਦਾ ਮੂਲ ਅਰਥ ''ਨਾ ਸੁਣਨਾ,'' ਜਾਂ ਲਾਪਰਵਾਹੀ ਨਾਲ ਜਾਂ ਬੇਪਰਵਾਹੀ ਨਾਲ ਸੁਣਨਾ। ਇਸ ਵਿਚ ਕਿਸੇ ਖ਼ਾਸ ਗੱਲ ਨੂੰ ਜਿਹਦੀ ਆਗਿਆ ਦਿੱਤੀ ਗਈ ਹੋਵੇ ਨਾ ਕਰਨਾ ਸ਼ਮਿਲ ਹੈ। ਜਦ ਕੋਈ ''ਸਬਤ ਦੇ ਦਿਨ ਨੂੰ ਚੇਤੇ'' ਨਹੀਂ ਰੱਖ ਪਾਉਂਦਾ (ਕੂਚ 20:8), ਤਾਂ ਉਸ ਨੇ ''ਆਗਿਆ ਨਹੀਂ ਮੰਨੀ।''

ਅਸੀਂ ਭੁੱਲ ਚੁੱਕ ਦੇ ਪਾਪਾਂ ਦੀ ਗੱਲ ਕਰ ਸਕਦੇ ਹਾਂ। ਬਾਈਬਲ ਵਿਚ ਇਹ ਸ਼ਬਦ ਸਾਫ਼ ਤੌਰ ਤੇ ਵਰਤੇ ਤਾਂ ਨਹੀਂ ਗਏ ਪਰ ਇਸ ਦਾ ਵਿਚਾਰ ਪਾਇਆ ਜਾਂਦਾ ਹੈ। ਦੋਹਾਂ ਤਰ੍ਹਾਂ ਦੇ ਪਾਪਾਂ ਦੇ ਮਾਫ਼ ਕੀਤੇ ਜਾਣ ਲਈ ਦੁਆ ਕਰਨਾ ਸਹੀ ਅਤੇ ਢੁਕਵਾਂ ਹੈ। ਬਹੁਤ ਸਾਰੇ ਲੋਕ ਜਿਹੜੇ ਗੁਆਚੇ ਹੋਏ ਹਨ ਪੂਰਣ ਤੌਰ ਤੇ ਅਪਰਾਧ ਦੇ ਦੋਸ਼ੀ ਨਹੀਂ ਹੋਣਗੇ, ਸਗੋਂ ਭਲਿਆਈ ਕਰਨ ਦੇ ਉਨ੍ਹਾਂ ਮੌਕਿਆਂ ਵਿਚ ਨਾਕਾਮ ਰਹਿਣ ਦੇ ਕਾਰਣ ਹੋਣਗੇ ਕਿਉਂਕਿ ਇਹ ਵੀ ਪਾਪ ਹੈ (ਯਾਕੂਬ 4:17)।

**ਠੀਕ ਠੀਕ ਬਦਲਾ** ਮਿਲਣਾ ਪੁਰਾਣੇ ਨੇਮ ਵਿਚ ਜ਼ਿਆਦਾਤਰ ਵਿਖਾਇਆ ਗਿਆ ਨੇਮ ਹੈ। ਝੂਠੇ ਗਵਾਹ ਨੂੰ ਉਵੇਂ ਦੀ ਹੀ ਸਜ਼ਾ ਦਿੱਤੀ ਜਾਣੀ ਸੀ ਜਿਵੇਂ ਉਸ ਦੀ ਗਵਾਹੀ ਨਾਲ ਕਿਸੇ ਨੂੰ ਸਜ਼ਾ ਮਿਲਣੀ ਹੋਣ ਸੀ (ਵਿਵਸਥਾਸਾਰ 19:16–20)। ਅਜਿਹੀ ਸਜ਼ਾ ਸਹੀ ਤੌਰ ਤੇ ''ਠੀਕ'' ਹੈ। ਲਾਲਚੀ ਆਕਾਨ ਨੂੰ ਆਗਿਆ ਨਾ ਮੰਨਣ ਦੇ ਕਾਰਣ ਵੱਟੇ ਮਾਰੇ ਗਏ ਸਨ (ਯਹੋਸ਼ੁਆ 7:24, 25)। ਇਕ ਵੈਸ਼ਿਆ ਨੂੰ ਵੱਟੇ ਮਾਰੇ ਗਏ (ਵਿਵਸਥਾਸਾਰ 22:21)। ਇਹ ਨਾ ਸੋਚਣ ਲਈ ਕਿ ਨਵੇਂ ਨੇਮ ਦੇ ਹੇਠ ਸਜ਼ਾ ਘੱਟ ਕਠੋਰ ਹੈ, ਅਸੀਂ ਹਨੱਨਯਾਹ ਅਤੇ ਸਫ਼ੀਰਾ ਨੂੰ ਧਿਆਨ ਵਿਚ ਰੱਖ ਸਕਦੇ ਹਾਂ (ਰਸੂਲਾਂ ਦੇ ਕੰਮ 5:1–11)। ਲਾਲਚ ਲਈ ਮੌਤ ਦੀ ਸਜ਼ਾ ਦਿੱਤੇ ਜਾਣ ਦੀ ਇਕ ਆਦਮੀ ਦਾ ਪੁਰਾਣੇ ਨੇਮ ਦੀ ਉਦਾਹਰਣ ਹੈ (ਯਹੋਸ਼ੁਆ 7) ਅਤੇ ਓਸੇ ਕਾਰਣ ਲਈ ਲੋਕਾਂ ਦੇ ਮਰਨ ਦਾ ਨਵੇਂ ਨੇਮ ਦੀ ਉਦਾਹਰਣ ਹੈ (ਰਸੂਲਾਂ ਦੇ ਕੰਮ 5)।

ਸਾਡਾ ਖ਼ੁਦਾ ਨਿਆਂ ਕਰਨ ਵਾਲਾ ਖ਼ੁਦਾ ਹੈ ਜਿਹਾੜਾ ''*[ਹਰ ਕਿਸੇ ਨੂੰ]* ਕਰਮਾਂ ਦੇ ਅਨੁਸਾਰ ਉਹ ਨੂੰ ਫਲ਼ ਦੇਵੇਗਾ'' (2 ਤਿਮੋਥਿਉਸ 4:14; ਵੇਖੋ ਪ੍ਰਕਾਸ਼ ਦੀ ਪੋਥੀ 20:13)। ਉਹ ਸਚਮੁਚ ਵਿਚ ''ਕਿਸੇ ਦਾ ਪੱਖ ਨਹੀਂ ਕਰਦਾ'' (ਰਸੂਲਾਂ ਦੇ ਕੰਮ 10:34)। ਮੂਸਾ ਦਾ ਨੇਮ ਮਸੀਹ ਦੇ ਨੇਮ ਨਾਲੋਂ ਘੱਟ ਸੀ, ਪਰ ਸ਼ਰ੍ਹਾ ਦੀ ਆਗਿਆ ਨਾ ਮੰਨਣ ਵਾਲੇ ਮਨੁੱਖਾਂ ਨੂੰ ਸਖ਼ਤਾਈ ਅਤੇ ਮਜ਼ਬੂਤੀ ਨਾਲ ਸਜ਼ਾ ਦਿੱਤੀ ਜਾਂਦੀ ਸੀ। ਤੁਲਨਾ ਤੋਂ ਪਤਾ ਲਗਦਾ ਹੈ ਕਿ ਨਵੇ ਨੇਮ ਦੇ ਅਧੀਨ ਸਜ਼ਾ ਕਿਸੇ ਤਰ੍ਹਾਂ ਘੱਟ ਨਹੀਂ ਹੋ ਸਕਦੀ ਸੀ। ਇਬਰਾਨੀਆਂ ਦੀ ਕਿਤਾਬ ਲਿਖੇ ਜਾਣ ਦੇ ਵਕਤ ਰੱਬੀਆਂ ਵਿਚ ਅਜਿਹਾ ਤਰਕ ਆਮ ਪਾਇਆ ਜਾਂਦਾ ਸੀ; ਇਸ ਨੂੰ ਲਾਤੀਨੀ ਭਾਸ਼ਾ ਵਿਚਜ *a minori ad maius*[3] ਆਖਿਆ ਜਾਂਦਾ ਸੀ। ਇਬਰਾਨੀ ਵਿਚ *qal wachomer* (ਭਾਵ ''ਹੌਲਾ ਅਤੇ ਭਾਰਾ'') ਹੈ। ਕੁਝ ਤਰਕ ਜੋ ''ਛੋਟੇ ਤੋਂ ਵੱਡੇ'' ਵੱਲ ਜਾਂਦਾ ਹੈ, ਉਹ ''ਹੋਰ ਵੀ ਕਿੰਨਾ ਵਧੀਕ'' ਨੇਮ ਵੀ ਆਖਿਆ ਜਾ ਸਕਦਾ ਹੈ। ਪਹਿਲੀ ਸਦੀ ਈਸਵੀ ਵਿਚ ਰੱਬੀ ਹਿੱਲੇਲ ਨੇ ਇਸ ਤਰਕ ਨੂੰ ਸ਼ਰ੍ਹਾ ਦੀ ਵਿਆਖਿਆ ਤੋਂ ਆਪਣੇ

ਸਤ ਨੇਮਾਂ ਵਿੱਚੋਂ ਇਕ ਦੱਸਿਆ।[4]

ਜਿਹੜਾ ਵੀ ਇਹ ਸੋਚਦਾ ਹੈ ਕਿ ਨਵੇਂ ਨੇਮ ਦੇ ਹੇਠ ਉਸ ਦੇ ਪਾਪਾਂ ਨੂੰ ਥੋੜੀ ਜਿਹੀ ਸਜ਼ਾ ਮਿਲੇਗੀ ਉਹ ਗਲਤਫ਼ਹਿਮੀ ਵਿਚ ਹੈ। ਇਹ ਮੰਨਣਾ ਗਲਤਫ਼ਹਿਮੀ ਹੈ ਕਿ ਆਪਣੀ ਜ਼ਿਆਦਾ ਕਿਰਪਾ ਵਿਚ ਖ਼ੁਦਾ ਪਾਪਾਂ ਨੂੰ ਸਜ਼ਾ ਦੇਣ ਦੀ ਮੰਗ ਕੀਤੇ ਬਗੈਰ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਵੇਗਾ। ਉਸ ਦੀ ਕਿਰਪਾ ਸਚਮੁਚ ਵਿਚ ਬਹੁਤ ਜ਼ਿਆਦਾ ਹੈ, ਐਨੀ ਜ਼ਿਆਦਾ ਕਿ ਅਸੀਂ ਉਸ ਦਾ ਬਿਆਨ ਵੀ ਨਹੀਂ ਕਰ ਸਕਦੇ, ਪਰ ਅਸੀਂ ਇਹ ਨਾ ਮੰਨ ਲਈਏ ਕਿ ਕੋਈ ਖ਼ੁਦਾ ਦੀ ਕਿਰਪਾ ਦੇ ਕਾਰਣ ਸਜ਼ਾ ਦੇ ਨਾ ਹੋਣ ਨਾਲ ਕੋਈ ਪਾਪ ਕਰ ਸਕਦਾ ਹੈ ਜਾਂ ਪ੍ਰਾਸਚਿਤ ਨਾਲ ਅਪਰਾਧਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਵੇਗਾ। ਆਗਿਆ ਮੰਨਣਾ ਅਜੇ ਵੀ ਜ਼ਰੂਰੀ ਹੈ। ਇਸ ਲਈ ਇਬਰਾਨੀਆਂ ਦੀ ਕਿਤਾਬ ਇਸ ਕਮਜ਼ੋਰ ਸੋਚ ਲਈ ਜੋ ਕਹਿੰਦੀ ਹੈ ਕਿ ਸਾਡਾ ਦਿਆਲੂ ਖ਼ੁਦਾ ਸਾਡੇ ਪਾਪਾਂ ਅਤੇ ਅਪਰਾਧਾਂ ਨੂੰ ਨਜ਼ਰਅੰਦਾਜ਼ ਕਰ ਦਵੇਗਾ ਭਾਵੇਂ ਅਸੀਂ ਪੂਰੀ ਤਰ੍ਹਾਂ ਨਾਲ ਮਨਬਦਲੀਏ ਜਾਂ ਨਾ, ਇਕ ਵੱਡੀ ਰੋਕ ਹੈ। ਖ਼ੁਦਾ ਦੇ ਵਚਨ ਦੀ ਆਗਿਆ ਮੰਨਣ ਦੇ ਮਹੱਤਵ ਤੇ ਇਬਰਾਨੀਆਂ ਦੀ ਕਿਤਾਬ ਵਿਚ ਕਈ ਵਾਰ ਜ਼ੋਰ ਦਿੱਤਾ ਗਿਆ ਹੈ (ਵੇਖੋ 10:26–29; 12:25)।

ਸਾਨੂੰ ਇਹ ਕਿਤੇ ਨਹੀਂ ਦੱਸਿਆ ਗਿਆ ਕਿ ਖ਼ੁਦਾ ਫਿਰਕੂਵਾਦ ਗਲਤੀ ਵੱਲ ਧਿਆਨ ਨਹੀਂ ਦਵੇਗਾ ਕਿਉਂਕਿ ਉਹ ਸਾਡੀ ਬੇਵਕੂਫ਼ੀ ਭਰੀਆਂ ਗਲਤੀਆਂ ਨੂੰ ਮਾਫ਼ ਕਰ ਦਿੰਦਾ ਹੈ। ਅਸੀਂ ਸਾਰਿਆਂ ਦੇ ਪਛਤਾਵੇ ਵਾਲੇ ਦਿਲ ਹੋਣੇ ਜ਼ਰੂਰੀ ਹਨ। ਯਿਸੂ ਦੇ ਲਹੂ ਨਾਲ ਆਪਣੀ ਗਲਤੀਆਂ ਦੇ ਲਗਾਤਾਰ ਧੋਤੇ ਜਾਣ ਲਈ (1 ਯੂਹੰਨਾ 1:7–10) ਸਾਨੂੰ ਖ਼ੁਦਾ ਦੀ ਇੱਛਾ ਸਮਝ ਆਉਣ ਤੇ ਇਸ ਨੂੰ ਮੰਨਣ ਲਈ ਉਤਸਾਹਿਤ ਰਹਿਣਾ ਜ਼ਰੂਰੀ ਹੈ। ਜੇ ਅਸੀਂ ਸੋਚਦੇ ਹਾਂ ਕਿ ''ਯਿਸੂ ਦੀ ਮਹਾਨ ਕਿਰਪਾ'' ਸਾਡੇ ਪਾਪਾਂ ਨੂੰ ਘੱਟ ਘਿਰਣਾਯੋਗ ਬਣਾ ਦਿੰਦਾ ਹੈ ਅਤੇ ਅਸੀਂ ਸਜ਼ਾ ਦੇ ਅਧਿਕਾਰੀ ਨਹੀਂ ਰਹਿੰਦੇ ਤਾਂ ਅਸੀਂ ਇਸ ਨੂੰ ''ਸਸਤੀ ਕਿਰਪਾ'' ਵਿਚ ਬਦਲ ਕੇ ਆਪਣੇ ਆਪ ਨੂੰ ਢੀਠ ਪਾਪੀ ਬਣਾ ਲਿਆ ਹੈ। ''ਛਾਉਣੀ ਵਿਚ'' ਪਾਪ ਖ਼ੁਦਾ ਦੇ ਕੰਮ ਲਈ ਉਸ ਦੀ ਕਲੀਸੀਆ ਦੇ ਵੱਲੋਂ ਸਭ ਤੋਂ ਵੱਡੀ ਅੜਚਨ ਹੈ।

**ਆਇਤ 3. ਤਾਂ ਅਸੀਂ ਕਿੱਕੁਰ ਬਚ ਨਿੱਕਲਾਂਗੇ ਜੇ ਐਡੀ ਵੱਡੀ ਮੁਕਤੀ ਦੀ ਬੇ ਪਰਵਾਹੀ ਕਰੀਏ?** ਇਸ ਸਵਾਲ ਵਿਚ ਇਕ ਹੋਰ ਸਵਾਲ ਉੱਠਦਾ ਹੈ ਕਿ ਅਸੀਂ ਕਿਸ ਤੋਂ ਬਚਾਂਗੇ? ਇਸ ਦੀ ਸਹੀ ਵਿਆਖਿਆ ਸਦਾ ਲਈ ਮੌਤ ਹੋਵੇਗੀ; ਇਸ ਦੇ ਇਲਾਵਾ ਕੁਝ ਹੋਰ ਕਰਨ ਦਾ ਅਰਥ ਇਸ ਆਇਤ ਦੇ ਬਲ ਨੂੰ ਕਮਜ਼ੋਰ ਕਰਨਾ ਹੋਵੇਗਾ। ਪਤਰਸ ਨੇ ਮਸੀਹੀ ਲੋਕਾਂ ਨੂੰ ਸਮਝਾਇਆ ਕਿ ''ਆਪਣੇ ਸੱਦੇ ਜਾਣ ਅਤੇ ਚੁਣੇ ਜਾਣ ਨੂੰ ਪੱਕਿਆ'' ਕਰੋ (2 ਪਤਰਸ 1:10)। ਇਸ ਪਵਿੱਤਰ ਮਨੁੱਖ ਨੂੰ ਮਸੀਹ ਦੇ ਬੁਲਾਏ ਜਾਣ ਨੂੰ ਪੱਕਿਆ ਕਰਨ ਦੀ ਲੋੜ ਕਿਉਂ ਸੀ, ਜੇ ਉਸ ਦੀ ਬੁਲਾਹਟ ਪਹਿਲਾਂ ਹੀ ਪੂਰੀ ਤਰ੍ਹਾਂ ਨਾਲ ਸਿੱਧ ਭਾਵ ਪੱਕੀ ਸੀ? ਐਡਗਰ ਗੁਡਸਪੀਡ ਨੇ ਇਸ ਨੂੰ ਇੰਜ ਆਖਿਆ ਹੈ: ''ਇਸੇ ਕਾਰਣ ਸਾਨੂੰ ਉਸ ਸੰਦੇਸ਼ ਵੱਲ ਜਿਸ ਨੂੰ ਅਸੀਂ ਸੁਣਿਆ ਹੈ ਬਹੁਤ ਨਜ਼ਦੀਕੀ ਨਾਲ ਧਿਆਨ ਦੇਣਾ ਜ਼ਰੂਰੀ ਹੈ। ਤਾਂ ਜੋ ਅਸੀਂ ਇਸ ਨੂੰ ਐਨਾਂ ਮਜ਼ਬੂਤੀ ਨਾਲ ਫੜੀ ਰੱਖੀਏ ਕਿ ਇਹ ਸਾਡੇ ਹੱਥਾਂ ਵਿੱਚੋਂ ਕਦੇ ਛੂਟੇ ਨਾ।''

ਇੱਥੇ ਪੈਦਾ ਹੋਣ ਵਾਲਾ ਸਵਾਲ ਅਲੰਕਾਰਕ ਹੈ, ਕਿਉਂਕਿ ਸਵਾਲ ਹਵਾਲੇ ਵਿਚ ਹੀ ਸਪੱਸ਼ਟ ਹੈ ਅਤੇ ਕਿਤੇ ਹੋਰ ਸਪੱਸ਼ਟ ਦਿੱਤਾ ਗਿਆ ਹੈ। *ਕੋਈ ਬਚਾਅ ਨਹੀਂ ਹੈ!* 2 ਥੱਸਲੁਨੀਕੀਆਂ 1:8–10 ਸਾਨੂੰ ਦੱਸਦਾ ਹੈ ਕਿ ਉਨ੍ਹਾਂ ਦਾ ਕੀ ਹੋਵੇਗਾ ਜਿਹੜੇ ਇੰਜੀਲ ਦੀ ਆਗਿਆ ਨਹੀਂ ਮੰਨਦੇ। ਜਦ ਪ੍ਰਭੂ ਵਾਪਸ ਆਵੇਗਾ ਤਾਂ ਉਹ ''ਜਿਹੜੇ ਖ਼ੁਦਾ ਨੂੰ ਨਹੀਂ ਪਛਾਣਦੇ, ਅਤੇ ਸਾਡੇ ਪ੍ਰਭੂ ਯਿਸੂ ਮਸੀਹ ਦੀ ਇੰਜੀਲ ਨੂੰ ਨਹੀਂ ਮੰਨਦੇ ਉਨ੍ਹਾਂ ਤੋਂ ਬਦਲਾ ਲਵੇਗਾ। ਉਹ ਪ੍ਰਭੂ ਦੇ ਸਾਹਮਣੇ ਤੋਂ ਅਤੇ ਉਸ ਦੀ ਸ਼ਕਤੀ ਦੇ ਤੇਜ਼ ਤੋਂ ਦੂਰ ਹੋ ਕੇ ਨਾਸ ਦਾ ਢੰਗ ਅਪਣਾਉਣਗੇ। ਇਹ ਉਸ ਦਿਨ ਹੋਵੇਗਾ, ਜਦ ਉਹ ਆਪਣੇ ਪਵਿੱਤਰ ਲੋਕਾਂ ਵਿਚ ਆਦਰ ਪਾਉਣ, ਅਤੇ ਸਾਰਿਆਂ ਨਿਹਚਾ ਕਰਨ ਵਾਲਿਆਂ ਵਿਚ ਅਚਰਜ ਦਾ ਕਾਰਣ ਹੋਣ ਨੂੰ ਆਵੇਗਾ।''

ਕੋਈ ਬਚਾਅ ਕਿਉਂ ਨਹੀਂ ਹੋਵੇਗਾ? ਕਿਉਂਕਿ ਪਾਪੀ ਮਨੁੱਖ ਹੁਕਮ ਮੰਨਣ ਨੂੰ ਤਦ ਤਕ ਟਾਲ ਦਵੇਗਾ ਜਦ ਤਕ ਬਹੁਤ ਦੇਰ ਹੋ ਚੁੱਕੀ ਹੋਵੇਗੀ। ਜਾਂ ਜਦ ਤਕ ਉਹ ਮਨ ਵਿਚ ਐਨਾਂ ਕਠੋਰ ਹੋ ਜਾਂਦਾ ਹੈ ਕਿ ਉਹ ਮਨ ਨਹੀਂ ਫਿਰਾ ਸਕਦਾ। ਦੋਹਾਂ ਵਿੱਚੋਂ ਕੋਈ ਵੀ ਸਥਿਤੀ ਪਾਪੀ ਦੀ ਆਸ ਦੇ ਮਿਟਣ ਦਾ ਕਾਰਣ ਬਣ ਸਕਦੀ ਹੈ। ਸਚਮੁਚ ਇਕ ਵਕਤ ਆਵੇਗਾ ਜਦ ਮਾਲਕ ਫ਼ਾਟਕ ਬੰਦ ਕਰ ਦਵੇਗਾ ਅਤੇ ਅੰਦਰ ਆਉਣ ਲਈ ਤਰਸਦੇ ਬਾਹਰ ਖੜ੍ਹੇ ਕੁਝ ਲੋਕਾਂ ਨੂੰ ਅੰਦਰ ਨਹੀਂ ਆਉਣ ਦਵੇਗਾ (ਲੂਕਾ 13:24–28)।

ਜੇ ਪੁਰਾਣੇ ਨੇਮ ਦੇ ਅਧੀਨ ਢੀਠਾਈ ਦੇ ਪਾਪ ਦੀ ਸਜ਼ਾ ਤੋਂ ਬਚਣ ਦਾ ਕੋਈ ਤਰੀਕਾ ਨਹੀਂ ਸੀ, ਜਿਹੜਾ ਕਿ ਇਸ ਤੋਂ ਘੱਟ ਨਿਯਮ ਸੀ ਤਾਂ ਉਸ ਲਈ ਜਿਹੜੇ ਨਵੇਂ ਨੇਮ ਦੀ ਆਗਿਆ ਤੋੜ ਕੇ ਪਾਪ ਕਰਦੇ ਹਨ ਬਚਣ ਦਾ ਕੋਈ ਤਰੀਕਾ ਕਿਵੇਂ ਹੋ ਸਕਦਾ ਹੈ? ਮਸੀਹ ਨੂੰ ਛੱਡ ਮੁਕਤੀ ਦਾ ਕੋਈ ਹੋਰ ਰਾਹ ਨਹੀਂ ਹੈ। ਇਸ ਲਈ ਜੇ ਅਸੀਂ ਉਸ ਨੂੰ ਨਜ਼ਰਅੰਦਾਜ਼ ਕਰਦੇ ਹਾਂ ਤਾਂ ਸਾਨੂੰ ਛੁਟਕਾਰੇ ਦੀ ਕੋਈ ਆਸ ਨਹੀਂ ਹੈ (ਵੇਖੋ 10:26; ਯੂਹੰਨਾ 14:6)।

ਲੋਕ ਮਸੀਹ ਨੂੰ ਜਾਣਨ ਜਾਂ ਉਸ ਨੂੰ ਨੀਂਵਾਂ ਕਰਨ ਦੇ ਬਿਨਾਂ ਗੁਆਚ ਸਕਦੇ ਹਨ। ਜੇ ਅਸੀਂ ਮਸੀਹ ਦੀ ਸਿੱਖਿਆ ਵਿਚ ‘‘ਬੇ ਪਰਵਾਹ’’ ਰਹਿੰਦੇ ਹਾਂ ਤਾਂ ਸਾਨੂੰ ਮਿਲਣ ਵਾਲੀ ਸਜ਼ਾ ਨਰਕ ਦੀ ਸਜ਼ਾ ਹੀ ਹੋਵੇਗੀ। ‘‘ਬੇ ਪਰਵਾਹੀ’’ (*ameleō*) ਸ਼ਬਦ ਦਾ ਸਿੱਧਾ ਜਿਹਾ ਅਰਥ ‘‘ਬੇ ਪਰਵਾਹ ਹੋਣਾ’’ ਹੈ। ਕੋਈ ਵੀ ਦੁਨਿਆਵੀ ਦਿਲਚਸਪੀ ਵੱਧ ਨਹੀਂ ਸਕਦੀ ਹੈ ਜਦ ਅਸੀਂ ਉਸ ਦੇ ਪ੍ਰਤੀ ਬੇ ਪਰਵਾਹੀ ਹੋਈਏ। ਤਾਂ ਸਾਨੂੰ ਆਪਣੇ ਰੂਹਾਨੀ ਯੁੱਧ ਵਿਚ ਇਸ ਨਾਲੋਂ ਵੱਖ ਦੀ ਉਮੀਦ ਕਿਉਂ ਕਰਨੀ ਚਾਹੀਦੀ ਹੈ? ਜਦ ਕੋਈ ਹਥਿਆਰਾ, ਵਿਭਚਾਰੀ ਜਾਂ ਸ਼ਰਾਬੀ ਹੋ ਕੇ ਦੂਰ ਰਿਹਾ ਹੈ ਤਾਂ ਕੋਈ ਜ਼ਰੀਆ ਨਹੀਂ ਹੈ ਕਿ ਕਿਸ ਦੇ ਉੱਤੇ ਉਸ ਨੂੰ ਧਰਮੀ ਠਹਿਰਾਇਆ ਜਾਵੇ। ਇਹ ਤਾਂ ‘‘ਮੈਂ ਚੋਰ ਨਹੀਂ ਹਾਂ ਇਸ ਲਈ ਮੇਰਾ ਕਾਰੋਬਾਰ ਵੱਧੇਗਾ ਅਤੇ ਮੈਂ ਥੋੜ੍ਹੇ ਹੀ ਸਮੇਂ ਵਿਚ ਅਮੀਰ ਬਣ ਜਾਵਾਂਗਾ’’ ਕਹਿਣ ਦੇ ਵਾਂਗ ਤਰਕਹੀਨ ਹੈ। ਸਾਡੇ ਤੋਂ ਹੋਰ ਦੀ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਸਾਨੂੰ ਉਸ ਨਾਲੋਂ ਕਿਤੇ ਵੱਡੀ ਨਜਾਤ ਅਤੇ ਸਦੀਵੀ ਅਰਾਮ ਦਾ ਭਰੋਸਾ ਦਿੱਤਾ ਗਿਆ ਹੈ ਜਿਸ ਦੀ ਸੁੰਨਤ ਪੁਰਾਣੇ ਨੇਮ ਦੇ ਅਧੀਨ ਰਹਿਣ ਵਾਲੇ ਲੋਕਾਂ ਵੇਖਿਆ ਹੋ ਸਕਦਾ ਹੈ।

ਭੀੜੇ ਰਾਹ ਵਿਚ ਚੱਲਣ ਵਾਲੇ ਮਨੁੱਖ ਵੱਲੋਂ ਲਗਣ ਹੋਣੀ ਜ਼ਰੂਰੀ ਹੈ (ਲੂਕਾ 13:23, 24)। ਸਾਡੀ ‘‘ਵੱਡੀ ਮੁਕਤੀ’’ ਸਾਰੇ ਸੰਸਾਰ ਤੋਂ ਵਧ ਕੇ ਕੀਮਤੀ ਹੈ। ਇਹ ਵੱਡਾ ਇਸ ਲਈ ਹੈ ਕਿਉਂਕਿ ਇਹ ਸਾਨੂੰ ਪਾਪਾਂ ਅਤੇ ਖ਼ਤਰਿਆਂ ਤੋਂ ਬਚਾਉਂਦਾ ਅਤੇ ਵੱਡੇ ਇਨਾਮ ਦਿੰਦਾ ਹੈ। ਇਹ ਐਨਾਂ ਅਨੋਖਾ ਹੈ ਕਿ ਇਸ ਦੇ ਨਾਲ ਨਿਆਂ ਕਰਨ ਲਈ ਕੋਈ ਭਾਸ਼ਾ ਪੂਰੀ ਨਹੀਂ ਹੈ।[5] ਜੇ ਅਸੀਂ ਖ਼ੁਦਾ ਦੀ ਮੁਕਤੀ ਦੀ ਯੋਜਨਾ ਨਾਲ ਬੇਪਰਵਾਹ ਰਹੀਏ ਤਾਂ ਅਸਲੀ ਖ਼ਤਾਰਾ ਸਦਾ ਦੇ ਨਰਕ ਦਾ ਹੈ।

ਆਪਣੇ ਪਾਠਕਾਂ ਨੂੰ ਮਸੀਹੀਅਤ ਦੀ ਸਚਿਆਈ ਨੂੰ ਆਪਣੇ ਹੱਥ ’ਚੋਂ ਨਾ ਨਿੱਕਲਣ ਲਈ ਸਮਝਾਉਣ ਦੇ ਬਾਅਦ ਲੇਖਕ ਖ਼ੁਦਾ ਦੇ ਸੰਦੇਸ਼ ਦੇ ਵਿਸ਼ੇ ਉੱਤੇ ਪਰਤ ਆਇਆ। 2:3, 4 ਵਿਚ ਉਸ ਨੇ ਮਹੱਤਵ ਤੇ ਜ਼ੋਰ ਦਿੱਤਾ।

**ਜੋ ਪਹਿਲਾਂ ਪ੍ਰਭੂ ਦੇ ਰਾਹੀਂ ਆਖੀ ਗਈ ਸੀ।** ਇਹ ਸੰਦੇਸ਼ ਖ਼ਾਸ ਤੌਰ ਤੇ ਮਸੀਹ ਦਾ ਹੈ। ਅਸਲ ਵਿਚ ਸਚਿਆਈ ਦਾ ਪੂਰਾ ਸੰਦੇਸ਼ ਪਹਿਲਾਂ ਯੂਹੰਨਾ ਡੁੱਬਕੀ ਦੇਣ ਵਾਲੇ ਵੱਲੋਂ ਨਹੀਂ ਸਗੋਂ ਸਚਿਆਈ ਦਾ ਪੂਰਾ ਸੰਦੇਸ਼ ਯੂਹੰਨਾ ਬਪਤਿਸਮਾ ਦੇਣ ਵਾਲੇ ਵੱਲੋਂ ਨਹੀਂ ਸਗੋਂ ਯਿਸੂ ਰਾਹੀਂ ਦਿੱਤਾ ਗਿਆ ਸੀ। ਕਲੀਸੀਆ ਦੀ ਸ਼ੁਰੂਆਤ ਨਾ ਤਾਂ ਯੂਹੰਨਾ ਦੇ ਨਾਲ ਹੋਈ ਅਤੇ ਨਾ ਹੋ ਸਕਦੀ ਸੀ। ਰਾਜ ਦੀ ਸ਼ੁਰੂਆਤ ਯੂਹੰਨਾ ਦੀ ਮੌਤ ਦੇ ਬਾਅਦ ਹੋਈ, ਜਿਹੜੀ ਇਸ ਗੱਲ ਦਾ ਪਤਾ ਦਿੰਦੀ ਹੈ ਕਿ ਯਿਸੂ ਨੇ ਕਿਉਂ ਆਖਿਆ ਕਿ ‘‘ਜੋ ਸੁਰਗ ਦੇ ਰਾਜ ਵਿਚ ਛੋਟਾ ਹੈ ਸੋ ਉਸ ਤੋਂ ਵੱਡਾ ਹੈ’’ (ਮੱਤੀ 11:11)। ਇਹ ਐਲਾਨ ਜੋ ਯਿਸੂ ਨੇ ਯੂਹੰਨਾ ਦੇ ਵਿਸ਼ੇ ਵਿਚ ਕੀਤਾ ਸੀ ਵਿਖਾਉਂਦਾ ਹੈ ਕਿ ਯਿਸੂ ਦੇ ਚੇਲੇ ਜਿਹੜੇ ਉਸ ਵਕਤ ਉੱਥੇ

ਸਨ ਉਨ੍ਹਾਂ ਨੇ ਪਿੰਤੇਕੁਸਤ ਦੇ ਬਾਅਦ ਰਾਜ ਦੇ ਲੋਕ ਹੋਣਾ ਸੀ ਅਤੇ ਇਸ ਲਈ ਉਨ੍ਹਾਂ ਨੇ ਯੂਹੰਨਾ ਤੋਂ ਵੱਡੇ ਹੋਣਾ ਸੀ। ਇਸ ਦਾ ਅਰਥ ਇਹ ਨਹੀਂ ਹੈ ਕਿ ਯਿਸੂ ਦਾ ਚੇਲਾ ਯੂਹੰਨਾ ਦੇ ਚਰਿੱਤਰ ਤੋਂ ਬੇਕਾਰ ਸੀ ਸਗੋਂ ਇਹ ਹੈ ਕਿ ਰਾਜ ਦੇ ਲੋਕਾਂ ਨੂੰ ਵੱਡੀਆਂ ਬਰਕਤਾਂ ਮਿਲੀਆਂ ਹਨ। ਮੱਤੀ 11:11 ਦੀ ਗੱਲ ਸਾਨੂੰ ਇਹ ਦਾਅਵਾ ਕਰਨ ਤੋਂ ਰੋਕਦੀ ਹੈ ਕਿ ਕੋਈ ਵੀ ਯੂਹੰਨਾ ਦੀ ਨਿੱਜੀ ਮਹਾਨਤਾ ਤੋਂ ਵਧ ਕੇ ਹੈ।

ਇੰਜੀਲ ਪਹਿਲਾਂ ''ਪ੍ਰਭੂ ਦੇ ਰਾਹੀਂ'' ਸੁਣਾਈ ਗਈ ਸੀ। ਇਸ ਗੱਲ ਨਾਲੋਂ ਵੱਧ ਪ੍ਰਭਾਵਸ਼ਾਲੀ ਹੈ ਕਿ ਇਹ ਫ਼ਰਿਸ਼ਤਿਆਂ ਰਾਹੀਂ ਸੁਣਾਈ ਗਈ, ਜਿਵੇਂ ਕਿ ਪੁਰਾਣਾ ਨੇਮ। ਯਹੂਦੀ ਧਰਮ ਨੂੰ ਮੰਨਣ ਵਾਲੇ ਕਹਿ ਰਹੇ ਹੋ ਸਕਦੇ ਹਨ। ਸਾਡਾ ਨੇਮ ਫ਼ਰਿਸ਼ਤਿਆਂ ਦੇ ਰਾਹੀਂ ਦਿੱਤਾ ਗਿਆ ਅਤੇ ਇਹ ਇੰਜੀਲ ਮਨੁੱਖਾਂ ਦੇ ਵੱਲੋਂ ਸੁਣਾਈ ਗਈ ਹੈ।

ਪਰ ਨਵੇਂ ਨੇਮ ਦਾ ਵਿਚੋਲਾ ਯਿਸੂ ਹੈ। ਰਾਜ ਨੇੜੇ ਸੀ ਜਦ ਮਸੀਹ ਜੋ ਕਿ ਰਾਜਾ ਹੈ ਨੇੜੇ ਸੀ; ਉਸ ਨੇ ਆਪਣੇ ਰਾਜ ਦੇ ਸਾਰੇ ਨਿਯਮ ਸਮਝਾ ਦਿੱਤੇ, ਆਪਣੇ ਵਿਹਾਰ ਦੇ ਰਾਹੀਂ ਉਸ ਦੇ ਸੁਭਾਅ ਨੂੰ ਵਿਖਾ ਦਿੱਤਾ ਅਤੇ ਆਪਣੇ ਚੇਲਿਆਂ ਲਈ ਆਪਣਾ ਸੰਦੇਸ਼ ਛੱਡ ਦਿੱਤਾ। ਪਵਿੱਤਰ ਆਤਮਾ ਦੇ ਵੱਲੋਂ ਅਗਵਾਈ ਪਾ ਕੇ ਉਨ੍ਹਾਂ ਨੇ ਉਸ ਨੂੰ ਲਾਗੂ ਕਰਨਾ ਸੀ, ਇਸ ਨੂੰ ਵੱਧਾਉਣਾ ਸੀ ਅਤੇ ਰਾਜ ਦੇ ਆਉਣ ਤੇ ਇਸ ਨੂੰ ਸਪੱਸ਼ਟ ਕਰਨਾ ਸੀ। ਕੁਲੁੱਸੀਆਂ 1:13 ਕੁਲੁੱਸੇ ਦੇ ਪਵਿੱਤਰ ਲੋਕਾਂ ਦੇ ਰਾਜ ਵਿਚ ਹੋਣ ਦੀ ਗੱਲ ਕਰਦਾ ਹੈ! ਯਿਸੂ ਨੂੰ ਇੱਥੇ ਅਤੇ 7:14 ਵਿਚ ''ਪ੍ਰਭੂ'' ਵਿਖਾਇਆ ਗਿਆ ਹੈ, ਜਿਸ ਦਾ ਇਹ ਅਰਥ ਹੈ ਕਿ ਉਹ ਆਪਣੇ ਰਾਜ ਦੇ ਉੱਤੇ ਹਾਕਮ ਹੈ (ਜਿਵੇਂ ਕਿ ਅਫ਼ਸੀਆਂ 5:5 ਵਿਚ ਸੰਕੇਤ ਮਿਲਦਾ ਹੈ ਕਿ ਪਰਮੇਸ਼ੁਰ ਪਿਤਾ ਦੇ ਨਾਲ ਮਿਲ ਕੇ)।

ਪ੍ਰਭੂ ਵੱਲੋਂ ਦਿੱਤੇ ਜਾਣ ਦੇ ਬਾਅਦ ਇੰਜੀਲ **ਸੁਣਨ ਵਾਲਿਆਂ ਤੋਂ ਸਾਨੂੰ ਸਾਬਤ ਹੋਈ**। ਇੰਜੀਲ ਦੀ ਤਸਦੀਕ ਦੀ ਸਮਰੱਥਾ ਦਾ ਵਾਅਦਾ ਰਸੂਲਾਂ ਨੂੰ ਯਿਸੂ ਦੇ ਰਾਹੀਂ ਦਿੱਤਾ ਗਿਆ ਸੀ (ਮਰਕੁਸ 16:17, 18), ਅਤੇ ਉਨ੍ਹਾਂ ਨੇ ਇਸ ਨੂੰ ਪੂਰੀ ਤਰ੍ਹਾਂ ਨਾਲ ਵਰਤਿਆ (ਮਰਕੁਸ 16:19, 20)। ਇਹ ''ਪਵਿੱਤਰ ਆਤਮਾ ਦੇ ਦਾਨਾਂ'' ਦੇ ਰਾਹੀਂ ਉਨ੍ਹਾਂ ਨੂੰ ਦਿੱਤੇ ਗਏ ਮੋਅਜਜ਼ੇ ਕਰਨ ਦੀ ਸ਼ਕਤੀ ਦੇ ਨਾਲ ਹੋਇਆ।[6] ਮਸੀਹ ਅਤੇ ਰਸੂਲਾਂ ਰਾਹੀਂ ਸੁਣਾਏ ਗਏ ਨਵੇਂ ਸੰਦੇਸ਼ ਦੀ ਤਸਦੀਕ ਲਈ ਉਸ ਲਈ ਅਲੌਕਿਕ ਸ਼ਕਤੀਆਂ ਦਾ ਹੋਣਾ ਜ਼ਰੂਰੀ ਸੀ। ਇਬਰਾਨੀਆਂ ਦੇ ਲੇਖਕ ਨੇ ਇਹ ਤਸਦੀਕ ਕੀਤੀ ਕਿ ਪ੍ਰਭੂ ਵੱਲੋਂ ਕਹੇ ਗਏ ਇਸ ਸੰਦੇਸ਼ ਦੀ ਤਸਦੀਕ ਖ਼ੁਦਾ ਵੱਲੋਂ ਪਵਿੱਤਰ ਆਤਮਾ ਦੇ ਮੋਅਜਜ਼ੇ ਕਰਨ ਦੇ ਦਾਨਾਂ ਦੇ ਰਾਹੀਂ ਹੋਈ। ਨਵੇਂ ਮੁਕਾਸ਼ਫੇ ਲਈ ਤਸਦੀਕ ਦੇ ਤੌਰ ਤੇ ਜ਼ਰੂਰੀ ਸੀ। ਉਦਾਹਰਣ ਲਈ ਥੋਮਾ ਜਿਸ ਨੇ ਸ਼ੱਕ ਕੀਤਾ ਸੀ ਨੂੰ ਜੀ ਉੱਠੇ ਪ੍ਰਭੂ ਦੇ ਦਰਸ਼ਣ ਦੀ ਗੱਲ ਦੱਸ ਕੇ ਯੂਹੰਨਾ ਇੰਜੀਲ ਦੇ ਆਪਣੇ ਵਿਰਤਾਂਤ ਦੇ ਚਰਮ ਤਕ ਪਹੁੰਚ ਗਿਆ। ਉਸ ਐਤਵਾਰ ਜਦ ਥੋਮਾ ਨੇ ਯਿਸੂ ਨੂੰ ਵੇਖਿਆ ਤਾਂ ਉਸ ਦੇ ਮੂੰਹੋਂ ਨਿੱਕਲਿਆ ਸੀ, ''ਹੇ ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ੁਰ!'' (ਯੂਹੰਨਾ 20:28)। ਫਿਰ ਯੂਹੰਨਾ ਨੇ ਇਸ ਦੇ ਬਾਅਦ ਖੋਜ ਪੱਤਰ ਦਿੱਤਾ:

> ਯਿਸੂ ਨੇ ਹੋਰ ਵੀ ਬਾਹਲੇ ਨਿਸ਼ਾਨ ਚੇਲਿਆਂ ਦੇ ਸਾਹਮਣੇ ਵਿਖਾਏ ਜੋ ਇਸ ਪੁਸਤਕ ਵਿਚ ਨਹੀਂ ਲਿਖੇ ਗਏ। ਪਰ ਏਹ ਇਸ ਲਈ ਲਿਖੇ ਗਏ ਹਨ ਭਈ ਤੁਸੀਂ ਪਰਤੀਤ ਕਰੋ ਕਿ ਯਿਸੂ ਜਿਹੜਾ ਹੈ ਉਹੋ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ, ਨਾਲੇ ਪਰਤੀਤ ਕਰ ਕੇ ਉਹ ਦੇ ਨਾਮ ਤੋਂ ਜੀਉਣ ਨੂੰ ਪ੍ਰਾਪਤ ਕਰੋ (ਯੂਹੰਨਾ 20:30, 31)।

ਸੰਪੂਰਣ ਮੁਕਤੀ ਪਵਿੱਤਰ ਲਿਖਤ ਨੂੰ ਪੜ੍ਹ ਕੇ, ਇਸ ਉੱਤੇ ਨਿਹਚਾ ਕਰਕੇ ਅਤੇ ਇਸ ਦੀ ਆਗਿਆ ਮੰਨ ਕੇ ਨਿਹਚਾ ਦੇ ਰਾਹੀਂ ਪਾਈ ਜਾ ਸਕਦੀ ਹੈ। ਇਸ ਲਈ ਸਾਨੂੰ ਨਿਹਚਾ ਕਰਨ ਅਤੇ ਮੁਕਤੀ ਪਾਉਣ ਲਈ ਅੱਜ ਦੇ ਮੋਅਜਜ਼ਿਆਂ ਦੀ ਲੋੜ ਨਹੀਂ ਹੈ। ਖ਼ੁਦਾ ਬੇਲੋੜਾ ਕੰਮ ਕਿਉਂ ਕਰੇ?

ਜੀ ਉੱਠਣ ਦੇ ਸਬੰਧ ਵਿਚ ਸਾਰਿਆਂ ਹੀ ਪੁਰਾਣੇ ਅਤੇ ਅੱਜ ਦੇ ਸੰਦੇਹਵਾਦੀਆਂ ਦਾ ਸ਼ੱਕ ਇਸ ਤੱਥ ਨੂੰ ਬਦਲ ਨਹੀਂ ਸਕਦਾ ਕਿ ਸਾਡੇ ਪ੍ਰਭੂ ਦੀ ਮੌਤ ਦੇ ਸਿਰਫ਼ ਪੰਜਾਹ ਦਿਨਾਂ ਬਾਅਦ ਯਰੂਸ਼ਲਮ ਵਿਚ ਉਸ ਦੇ ਜੀ ਉੱਠਣ ਵਿਚ ਹਜ਼ਾਰਾਂ ਲੋਕਾਂ ਨੇ ਵਿਸ਼ਵਾਸ ਕੀਤਾ ਸੀ। ਜੇ ਉਨ੍ਹਾਂ ਨੂੰ ਉਸ ਦੇ ਜੀ ਉੱਠਣ ਦਾ ਨਿਹਚਾ ਨਾ ਹੁੰਦਾ ਤਾਂ ਯਰੂਸ਼ਲਮ ਵਿਚ ਕਲੀਸੀਆ ਦੀ ਸ਼ੁਰੂਆਤ ਨਹੀਂ ਹੋ ਸਕਦੀ ਸੀ। ਇਹ ਉਹ ਵੱਡਾ ਮੋਅਜਜ਼ਾ ਹੈ ਜਿਸ ਉੱਤੇ ਨਵਾਂ ਨੇਮ ਧਿਆਨ ਦੁਆਉਂਦਾ ਹੈ। ਇਬਰਾਨੀਆਂ 2:4 ਇਹ ਤਸਦੀਕ ਕਰਦਾ ਹੈ ਕਿ ਵਚਨ ਨੂੰ ਪੱਕਾ ਕਰਨ ਲਈ ਵੱਖ ਵੱਖ ਰੂਹਾਨੀ ਸ਼ਕਤੀਆਂ (''ਦਾਨ'') ਦਿੱਤੇ ਗਏ ਸਨ। ਇਹ ਕੰਮ ਪੂਰਾ ਹੋਣ ਜਾਣ ਦੇ ਬਾਅਦ ਅਗਲੀ ਪੀੜ੍ਹੀ ਲਈ ਜਿਸ ਦੇ ਕੋਲ ਪਵਿੱਤਰ ਲਿਖਤ ਵਿਚ ਸਮਰੱਥਾ ਨਾਲ ਭਰਿਆ ਪਰਗਟ ਵਚਨ ਹੈ, ਅਜਿਹੀ ਸ਼ਕਤੀਆਂ ਬੇਲੋੜੀ ਬਣ ਗਈਆਂ।

**ਆਇਤ 4.** ਤਸਦੀਕ ਹੋ ਚੁੱਕੇ ਸੰਦੇਸ਼ ਨੂੰ ਲਗਾਤਾਰ ਮੋਅਜਜ਼ਿਆਂ ਦੇ ਰਾਹੀਂ ਦੋਬਾਰਾ ਤਸਦੀਕ ਕਰਦੇ ਰਹਿਣ ਦੀ ਲੋੜ ਨਹੀਂ ਸੀ। ਅਮਰੀਕਾ ਦੀ ਉੱਚ ਅਦਾਲਤ ਵੱਲੋਂ ਕਿਸੇ ਮਾਮਲੇ ਵਿਚ ਮਿਸਾਲ ਠਹਿਰਾ ਦੇਣ ਦੇ ਬਾਅਦ ਉਹੀ ਨਿਯਮ ਬਣ ਜਾਂਦਾ ਹੈ ਅਤੇ ਉਹ ਕਿਸੇ ਵੀ ਹੇਠਲੀ ਅਦਾਲਤ ਵਿਚ ਲਾਗੂ ਹੁੰਦਾ ਹੈ। ਇਸੇ ਤਰ੍ਹਾਂ ਨਾਲ ਖ਼ੁਦਾ ਦੇ ਵਚਨ ਦੇ ਮੁਕਾਸ਼ਫੇ ਦੀ ਤਸਦੀਕ ਇਕ ਹੀ ਵਾਰ ਸਦਾ ਲਈ ਹੋ ਗਈ ਸੀ।

ਮੋਅਜਜ਼ਿਆਂ ਦੇ ਨਿਸ਼ਾਨ ਰਸੂਲਤਾਈ ਦਾ ਸਬੂਤ ਸਨ (2 ਕੁਰਿੰਥੀਆਂ 12:12) ਅਤੇ ਤਦ ਤਕ ਰਹੇ ਜਦ ਤਕ ਸਬੂਤਾਂ ਦੀ ਲੋੜ ਸੀ। **ਨਿਸ਼ਾਨੀਆਂ** ਅਤੇ **ਅਚੰਭਿਆਂ** ਕੰਮ ਇਕ ਹੀ ਗੱਲ ਦਾ ਵੱਖ ਵੱਖ ਵਿਚਾਰ ਸਨ। ''ਨਿਸ਼ਾਨੀਆਂ'' ਤੋਂ ਸੰਕੇਤ ਮਿਲਦਾ ਹੈ ਕਿ ਮੋਅਜਜ਼ੇ ਦੀ ਘਟਨਾ ਨਾਲ ਖ਼ੁਦਾ ਦਾ ਸੰਦੇਸ਼ ਅਤੇ ਵੇਖਣ ਵਾਲੇ ਲਈ ਦੂਤ ਦਿੱਤਾ ਗਿਆ। ਇਨ੍ਹਾਂ ਨਿਸ਼ਾਨੀਆਂ ਨੂੰ ''ਅਚੰਭਿਆਂ'' ਦੇ ਕੰਮ ਆਖਿਆ ਜਾਂਦਾ ਸੀ ਕਿਉਂਕਿ ਇਨ੍ਹਾਂ ਨੂੰ ਵੇਖਣ ਵਾਲਿਆਂ ਦੇ ਮਨਾਂ ਵਿਚ ਹੈਰਾਨੀ ਹੁੰਦੀ ਸੀ। ਤਰਕਸੰਗਤ ਤੌਰ ਤੇ ਕੋਈ ਤਰਕ ਨਹੀਂ ਦੇ ਸਕਦਾ ਕਿ ਮੋਅਜਜ਼ੇ ਨਹੀਂ ਹੋਏ; ਉਹ ਸਿਰਫ਼ ਐਨਾਂ ਕਹਿ ਕੇ ਇਤਰਾਜ਼ ਕਰ ਸਕਦੇ ਸਨ ਕਿ ਇਹ ਕੰਮ ਸ਼ੈਤਾਨ ਦੀ ਸ਼ਕਤੀ ਨਾਲ ਹੋਏ ਸਨ (ਮੱਤੀ 12:22–28)।

**ਕਰਾਮਾਤਾਂ** ਅਤੇ ਮੁਕਾਸ਼ਫ਼ੇ ਨਾਲ ਨਾਲ ਚੱਲਦੇ ਸਨ ਕਿਉਂਕਿ ਨਵੀਂ ਤਸਦੀਕ ਲਈ ਨਵੇਂ ਮੁਕਾਸ਼ਫ਼ੇ ਦਾ ਹੋਣਾ ਜ਼ਰੂਰੀ ਸੀ। ਖ਼ੁਦਾ ਜਦ ਨਵਾਂ ਮੁਕਾਸ਼ਫਾ ਦਿੰਦਾ ਸੀ ਤਾਂ ਉਹ ਸੰਦੇਸ਼ ਦੇ ਸੁਣਾਉਣ ਵਾਲਿਆਂ ਨੂੰ ਇਲਾਹੀ ਪੁਸ਼ਟੀ ਨੂੰ ਵਿਖਾਉਣ ਲਈ ਸ਼ਕਤੀਆਂ ਦਿੰਦਾ ਸੀ। ਮੂਸਾ ਨੇ ਇਸਰਾਏਲੀਆਂ ਅਤੇ ਮਿਸਰ ਦੇ ਫ਼ਿਰਊਨ ਦੇ ਕੋਲ ਭੇਜੇ ਜਾਣ ਦੇ ਸਮੇਂ ''ਕਰਾਮਾਤਾਂ'' ਕੀਤੀਆਂ ਸਨ (ਕੂਚ 4:1–9, 29, 30) । ਅਲੀਸ਼ਾ ਨੇ ਅਰਾਮੀ ਕਪਤਾਨ ਨਾਮਾਨ ਨੂੰ ਚੰਗਾ ਕੀਤਾ ਸੀ ਜਿਹੜਾ ਰਾਜਾ ਦੇ ਬਾਅਦ ਦੂਜਾ ਵੱਡਾ ਅਧਿਕਾਰੀ ਸੀ ਅਤੇ ਉਸ ਨੂੰ ਖ਼ੁਦਾ ਦੀ ਸ਼ਕਤੀ ਦਾ ਨਿਹਚਾ ਦੁਆਇਆ ਸੀ। ਬੇਸ਼ੱਕ ਉਸ ਦੇ ਰਾਹੀਂ ਉਸ ਦੇ ਦੇਸ਼ ਦੇ ਕੁਝ ਲੋਕ ਸੱਚੇ ਖ਼ੁਦਾ ਉੱਤੇ ਨਿਹਚਾ ਲਿਆਏ ਸਨ (2 ਰਾਜਿਆਂ 5)।

ਇਸ ਉੱਤੇ ਬਹੁਤ ਜ਼ਿਆਦਾ ਜ਼ੋਰ ਦਿੱਤਾ ਜਾ ਸਕਦਾ ਹੈ ਕਿ ਨਵਾਂ ਨੇਮ ਪਵਿੱਤਰ ਲਿਖਤ ਅਤੇ ਮੋਅਜਜ਼ੇ ਨਾਲ ਨਾਲ ਚੱਲਦੇ ਹਨ। ਕੋਈ ਮੋਅਜਜ਼ੇ ਕਰਨ ਦੀ ਸ਼ਕਤੀ ਹੋਣ ਦਾ ਦਾਅਵਾ ਕਰਨ ਵਾਲਿਆਂ ਨੂੰ ਇਹ ਪੁੱਛ ਕੇ ਚੁਣੌਤੀ ਦੇ ਸਕਦਾ ਹੈ, ''ਤੁਹਾਡੀ ਨਵੀਂ ਪਵਿੱਤਰ ਲਿਖਤ ਕਿੱਥੇ ਹੈ?''[7] ਇਸੇ ਤਰ੍ਹਾਂ ਨਾਲ ''ਨਵੀਂ ਪਵਿੱਤਰ ਲਿਖਤ'' ਲਿਖਣ ਵਾਲਿਆਂ ਨੂੰ ਇਹ ਪੁੱਛ ਕੇ ਚੁਣੌਤੀ ਦਿੱਤੀ ਜਾ ਸਕਦੀ ਹੈ, ''ਤੁਹਾਡੇ ਉਹ ਮੋਅਜਜ਼ੇ ਕਿੱਥੇ ਹਨ ਜਿਹੜੇ ਯਿਸੂ ਦੇ ਅਤੇ ਰਸੂਲਾਂ ਦੇ ਮੋਅਜਜ਼ਿਆਂ ਦੇ ਵਾਂਗ ਹਨ?'' ਉਦਾਹਰਣ ਲਈ ਭਲਾ ਤੁਸੀਂ ਕਿਸੇ ਮੁਰਦੇ ਨੂੰ ਜਿਵਾਲਿਆ ਹੈ?''

ਮਸੀਹ ਦੇ ਸੰਦੇਸ਼ ਦੀ ਤਸਦੀਕ ਅਸਲੀ ਮੋਅਜਜ਼ਿਆਂ ਦੇ ਰਾਹੀਂ ਹੋਈ ਸੀ (ਵੇਖੋ ਯੂਹੰਨਾ 20:30; ਮਰਕੁਸ 2:10–12)। ਮਰਕੁਸ 2 ਵਾਲੇ ਮੋਅਜਜ਼ੇ ਨਾਲ ਮਾਫ਼ ਕਰਨ ਦੀ ਮਸੀਹ ਦੀ ਸ਼ਕਤੀ ਅਤੇ ਅਧਿਕਾਰ ਨੂੰ ਵਿਖਾਇਆ ਗਿਆ। ਉਹ ਲੰਗੜੇ ਨੂੰ ਚੰਗਾ ਕਰ ਸਕਦਾ ਹੈ ਜਿਹੜਾ ਸਾਫ਼ ਤੌਰ ਤੇ ਇਕ ਅਲੌਕਿਕ ਕੰਮ ਸੀ, ਇਹ ਸਾਫ਼ ਹੈ ਕਿ ਉਹ ਖ਼ੁਦਾ ਦੇ ਥਾਂ ਤੇ ਕੰਮ ਕਰ ਰਿਹਾ ਹੈ ਅਤੇ ਉਹ ਪਾਪਾਂ ਨੂੰ

ਉਵੇਂ ਹੀ ਮਾਫ਼ ਕਰ ਸਕਦਾ ਹੈ। ਮੋਅਜਜ਼ੇ ਕਰਨ ਦੀਆਂ ਸ਼ਕਤੀਆਂ ਇਸ ਗੱਲ ਦਾ ਸਬੂਤ ਸਨ ਕਿ ਇਨ੍ਹਾਂ ਨੂੰ ਕਰਨ ਵਾਲੇ ਮਨੁੱਖ ਖ਼ੁਦਾ ਦੇ ਬੁਲਾਰੇ ਦੇ ਤੌਰ ਤੇ ਕੰਮ ਕਰਦੇ ਸਨ।

ਮੋਅਜਜ਼ਿਆਂ ਦੇ ਰਾਹੀਂ ਖ਼ੁਦਾਈ ਸੰਦੇਸ਼ ਦੀ ਤਸਦੀਕ ਲਾਜ਼ਮੀ ਤੌਰ ਤੇ ਇਬਰਾਨੀਆਂ ਦੀ ਕਿਤਾਬ ਦੇ ਲਿਖੇ ਜਾਣ ਦੇ ਵਕਤ ਤਕ ਅਤੀਤ ਦੀ ਗੱਲ ਸੀ। ਇਸ ਦਾ ਪਤਾ 2:2–4 ਅਤੇ ਕਿਤੇ ਹੋਰ ਮਿਲਦਾ ਹੈ (ਵੇਖੋ ਮਰਕੁਸ 16:20; ਯੂਹੰਨਾ 20:30, 31)। ''ਵਚਨ ਨੂੰ ਸਾਬਤ'' ਕਰਨ ਵਾਲੇ ਨਿਸ਼ਾਨ (ਮਰਕੁਸ 16:20) ਮਰਕੁਸ ਦੇ ਲਿਖੇ ਜਾਣ ਦੇ ਸਮੇਂ ਤਕ ਪੂਰੇ ਹੋ ਗਏ ਸਨ। ਇਨ੍ਹਾਂ ਸ਼ਕਤੀਆਂ ਜਾਂ **ਪਵਿੱਤਰ ਆਤਮਾ ਦੀਆਂ ਵੰਡਾਂ** ਨੇ ਉਨ੍ਹਾਂ ਦੇ ਰਾਹੀਂ ਦਿੱਤੀ ਗਈ ਮੋਅਜਜ਼ੇ ਕਰਨ ਦੀ ਸ਼ਕਤੀ ਦੇ ਖ਼ੁਦਾ ਦੇ ਵਚਨ ਦੀ ਪੂਰੀ ਤਰ੍ਹਾਂ ਨਾਲ ਤਸਦੀਕ ਕੀਤੇ ਜਾਣ ਤਕ ਰਹਿਣਾ ਸੀ; ਫਿਰ ਉਨ੍ਹਾਂ ਨੇ ਬੰਦ ਹੋ ਜਾਣਾ ਸੀ (1 ਕੁਰਿੰਥੀਆਂ 13:8–10; ਅਫ਼ਸੀਆਂ 4:8–13)। ਖ਼ੁਦਾ ਦੀ ਪੱਕੀ ਕੀਤੀ ਗਈ ਇੱਛਾ ਜਿਸ ਨਾਲ ਹਰ ਤਰ੍ਹਾਂ ਦੀ ਜ਼ਰੂਰੀ ਅਗਵਾਈ ਦਿੱਤੀ ਜਾ ਸਕਦੀ ਸੀ, ਨਾਲ ''ਦੋਹਾਂ'' ਦੀਆਂ ਲੋੜਾਂ ਖ਼ਤਮ ਹੋ ਗਈਆਂ। ਪੌਲੁਸ ਨੇ ਕਲੀਸੀਆ ਦੀ ਸਭ ਤੋਂ ਵੱਡੀ ਲੋੜ ਪ੍ਰੇਮ ਵੱਲ ਧਿਆਨ ਦੁਆਇਆ ਜਿਸਦੀ ਮੋਅਜਜ਼ੇ ਕਰਨ ਦੀ ਕਿਸੇ ਵੀ ਸ਼ਕਤੀ ਨਾਲੋਂ ਹੁਣ ਸਾਡੇ (ਅਤੇ ਪਹਿਲੀ ਸਦੀ ਦੇ ਲੋਕਾਂ) ਲਈ ਕਿਤੇ ਵੱਧ ਲੋੜ ਹੈ। ਪਰ ਇਬਰਾਨੀਆਂ ਦੀ ਕਿਤਾਬ ਦੇ ਪਾਠਕ ਯਿਸੂ ਦੇ ਮੋਅਜਜ਼ਿਆਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਨ੍ਹਾਂ ਨੂੰ ਲਗਾਤਾਰ ਤਸਦੀਕਾਂ ਦੇ ਰਾਹੀਂ ਪੱਕਿਆਂ ਕੀਤੇ ਜਾਣ ਦੀ ਲੋੜ ਨਹੀਂ ਸੀ। ਭਾਵੇਂ ਉਨ੍ਹਾਂ ਨੂੰ ਉਸ ਹੋਰ ਸ਼ਕਤੀ ਦੀ ਲੋੜ ਸੀ ਜਿਹੜੀ ਇਸ ਖ਼ਤ ਤੋਂ ਲਈ ਗਈ ਹੈ।

ਜਿਸ ਤਰ੍ਹਾਂ ਨਾਲ ਇਸਰਾਏਲੀਆਂ ਦੇ ਕਨਾਨ ਵਿਚ ਵੜਨ ਦੇ ਬਾਅਦ ਸੁਰਗ ਤੋਂ ਮੰਨਾ ਮਿਲਣਾ ਬੰਦ ਹੋ ਗਿਆ ਸੀ। ਓਵੇਂ ਹੀ ਕਲੀਸੀਆ ਦੇ ਨਵੇਂ ਜੰਮੇ ਹੋਣ ਦੀ ਹਾਲਤ ਨੂੰ ਛੱਡਣ ਦੇ ਬਾਅਦ ਜਿਸ ਵਿਚ ਵਚਨ ਦੇ ਰਾਹੀਂ ਦੋਹਾਂ ਪਾਸਿਉਂ ਪੱਕਾ ਕੀਤੇ ਜਾਣ ਦੀ ਲੋੜ ਸੀ, ਮੋਅਜਜ਼ੇ ਹੋਣੇ ਬੰਦ ਹੋ ਗਏ। ਸਮੇਂ ਦਾ ਲੰਮਾ ਕਾਲ ਨਾ ਤਾਂ ਕਦੇ ਸੀ ਅਤੇ ਨਾ ਇਸ ਨੂੰ ਦੇਣ ਦਾ ਕਦੇ ਇਰਾਦਾ ਸੀ ਜਦ ਖ਼ੁਦਾ ਆਪਣੇ ਲੋਕਾਂ ਲਈ ਲਗਾਤਾਰ ਮੋਅਜਜ਼ੇ ਕਰਦਾ ਰਿਹਾ ਹੋਵੇ। ਯਿਸੂ ਨੇ ਨਾਮਾਨ ਦਾ ਹਵਾਲਾ ਦੇ ਕੇ ਇਸ ਗੱਲ ਵੱਲ ਧਿਆਨ ਦੁਆਇਆ ਕਿ ਜਿਸ ਨੂੰ ਤਦ ਕੋੜ੍ਹ ਤੋਂ ਚੰਗਿਆਈ ਦਿੱਤੀ ਗਈ ਸੀ ਜਦ ਇਸਰਾਏਲ ਦੇ ਬਹੁਤ ਸਾਰੇ ਕੋੜ੍ਹਿਆਂ ਵਿੱਚੋਂ ਕਿਸੇ ਹੋਰ ਨੂੰ ਚੰਗਾ ਨਹੀਂ ਕੀਤਾ ਜਾ ਰਿਹਾ ਸੀ (ਲੂਕਾ 4:27)।

''ਪਵਿੱਤਰ ਆਤਮਾ ਦੀਆਂ ਵੰਡਾਂ'' (*merismos*) ਦਾ ਅਰਥ ''ਵੰਡਣਾ'' ਜਾਂ ''ਵੰਡ'' ਹੈ। ਇਹ ਰੋਮੀਆਂ ਰੋਮੀਆਂ 1:11 ਵਿਚ ਪੌਲੁਸ ਵੱਲੋਂ ਵਰਤੇ ਗਏ ''ਰੂਹਾਨੀ ਵਰਦਾਨ'' (*charisma*) ਲਈ ਵਰਤਿਆ ਗਿਆ ਸ਼ਬਦ ਨਹੀਂ ਹੈ। ਇਸ ਸ਼ਬਦ ਦਾ ਇਕ ਬਹੁਵਚਨ ਰੂਪ *charismata* ਵੀ ਹੈ (ਵੇਖੋ ਰੋਮੀਆਂ 12:6; 1 ਕੁਰਿੰਥੀਆਂ 1:7; 12:4, 9, 28, 30)। ਇਬਰਾਨੀਆਂ 2:4 ਦੀ ਹਰ ਗੱਲ ਸੰਦੇਸ਼ ਦੇ ਖ਼ੁਦਾ ਦੀ ਤਸਦੀਕ ਲਈ ਵਰਤੀ ਗਈ ਹੈ। ਸੱਚ ਹੈ ਕਿ *merismos* ਓਵੇਂ ਦਾ ਸ਼ਬਦ ਨਹੀਂ ਹੈ ਜਿਵੇਂ *charisma* ਹੈ ਜਿਸ ਦੀ ਵਰਤੋਂ ਕਿਤੇ ਹੋਰ ''ਰੂਹਾਨੀ ਦਾਨਾਂ'' ਲਈ ਹੋਈ ਹੈ; ਪਰ ਇਸ ਦਾ ਅਰਥ ਜ਼ਰੂਰੀ ਨਹੀਂ ਕਿ ਇਹ ਹੋਵੇ ਕਿ ਇਕ ਸ਼ਬਦ ਦੂਜੇ ਸ਼ਬਦ ਵਿਚ ਸਮਾ ਨਹੀਂ ਸਕਦਾ।

ਨਿਸ਼ਾਨਾਂ ਨਾਲ ਰਸੂਲੀ ਇਖ਼ਤਿਆਰ ਲਈ ਸ਼ਾਨਦਾਰ ਸਨਮਾਨ ਲੋਕਾਂ ਦੇ ਮਨ ਵਿਚ ਆਇਆ (ਰਸੂਲਾਂ ਦੇ ਕੰਮ 2:43)। ਰਸੂਲਾਂ ਦੇ ਕੰਮ 6:6–8 ਦੇ ਬਾਅਦ ਅਜਿਹੀ ਸ਼ਕਤੀਆਂ ਹਰ ਥਾਂ ਜਿੱਥੇ ਵੀ ਰਸੂਲ ਗਏ ਦਿੱਤੀਆਂ ਗਈਆਂ (ਰਸੂਲਾਂ ਦੇ ਕੰਮ 8:14–17; 19:1–6; ਰੋਮੀਆਂ 1:11; 1 ਕੁਰਿੰਥੀਆਂ 12:8–10)। ਸਾਨੂੰ ਇਹ ਨਿਚੋੜ ਕੱਢਣਾ ਹੋਵੇਗਾ ਕਿ ਜਿੱਥੇ ਰਸੂਲ ਨਹੀਂ ਜਾ ਸਕੇ ਜਾਂ ਨਿੱਜੀ ਤੌਰ ਤੇ ਨਹੀਂ ਗਏ, ਓਥੇ ਅਜਿਹੇ ਅਧਿਕਾਰ ਦੇਣ ਵਾਲਾ ਕੋਈ ਨਹੀਂ ਸੀ ਜਾਂ ਇਨ੍ਹਾਂ ਨੂੰ ਅੱਗੇ ਦੇਣ ਦੀ ਸ਼ਕਤੀ ਕਿਸੇ ਨੂੰ ਨਹੀਂ ਦਿੱਤੀ ਗਈ। ਯਿਸੂ ਨੇ ਅਤੇ ਰਸੂਲਾਂ ਨੇ ਮੁਰਦਿਆਂ ਨੂੰ ਜਿੰਦਾ

ਕੀਤਾ (ਰਸੂਲਾਂ ਦੇ ਕੰਮ 9:36–43); ਜਦ ਕਿ ਅੱਜ ਕੋਈ ਵੀ ਜੀਉਂਦਾ ਮਨੁੱਖ ਇੰਜ ਨਹੀਂ ਕਰ ਸਕਦਾ। ਸਾਨੂੰ ਨਕਲੀ ਮੋਅਜਜ਼ੇ ਕਰਨ ਵਾਲਿਆਂ ਤੇ ਨਜ਼ਰ ਰੱਖਣੀ ਚਾਹੀਦੀ ਹੈ ਕਿਉਂਕਿ ਖ਼ੁਦਾ ਉਨ੍ਹਾਂ ਨੂੰ ਜਿਹੜੇ ਸਚਿਆਈ ਤੇ ਨਿਹਚਾ ਨਹੀਂ ਕਰਦੇ ਜਾਂ ਉਸ ਨਾਲ ਮੋਅਜਜ਼ੇ ਕਰਨ ਦੀ ਸਪੱਸ਼ਟ ਸਕਤੀਆਂ ਦੇ ''ਭੁਲੇਖਾ ਪਾਊ ਪ੍ਰਭਾਅ'' ਤੋਂ ਭਰਮਾਏ ਜਾਂਦੇ ਹਨ (2 ਥੱਸਲੁਨੀਕੀਆਂ 2:9–11; ਵੇਖੋ ਮੱਤੀ 7:21–23)।

## ਮਸੀਹ ਦੀ ਕੁਰਬਾਨੀ ਅਤੇ ਉੱਚਾ ਕੀਤਾ ਜਾਣਾ (2:5-18)

### ਮਸੀਹ ਦਾ ਫ਼ਰਿਸ਼ਤਿਆਂ ਨਾਲੋਂ ਘੱਟ ਕੀਤਾ ਜਾਣਾ ਅਤੇ ਮੌਤ ਦਾ ਸੁਆਦ ਚੱਖਣਾ (2:5–8)

**[5]ਉਹ ਨੇ ਤਾਂ ਆਉਣ ਵਾਲੇ ਸੰਸਾਰ ਨੂੰ ਜਿਹ ਦੀ ਅਸੀਂ ਗੱਲ ਕਰਦੇ ਹਾਂ ਦੂਤਾਂ ਦੇ ਮਤਹਿਤ ਨਹੀਂ ਕੀਤਾ। [6]ਪਰ ਕਿਸੇ ਨੇ ਕਿਤੇ ਇਹ ਕਹਿ ਕੇ ਦਿੱਤੀ,**

**''ਇਨਸਾਨ ਕੀ ਹੈ, ਜੋ ਤੂੰ ਉਹ ਨੂੰ ਚੇਤੇ ਵਿਚ ਲਿਆਵੇਂ?**
**ਯਾ ਆਦਮੀ ਜਾਇਆ ਕੀ, ਜੋ ਤੂੰ ਉਸ ਉੱਤੇ ਨਿਗਾਹ ਕਰੇਂ?''**
**[7]''ਤੈਂ ਉਹ ਨੂੰ ਦੂਤਾਂ ਨਾਲੋਂ ਥੋੜੇ ਚਿਰ ਲਈ ਘੱਟ ਕੀਤਾ ਹੈ,**
**ਅਤੇ ਮਹਿਮਾ ਅਰ ਆਦਰ ਦਾ ਮੁਕਟ ਉਹ ਦੇ ਸਿਰ ਉੱਤੇ ਰੱਖਿਆ ਹੈ।**
**ਤੈਂ ਆਪਣੀ ਦਸਤਕਾਰੀ ਉੱਤੇ ਉਹ ਨੂੰ ਥਾਪਿਆ;**
**[8]ਤੈਂ ਸੱਭੋ ਕੁਝ ਉਹ ਦੇ ਪੈਰਾਂ ਹੇਠ ਅਧੀਨ ਕਰ ਦਿੱਤਾ ਹੈ।**

**ਕਿਉਂਕਿ ਜਦੋਂ ਉਸ ਨੇ ਸੱਭੋ ਕੁਝ ਉਹ ਦੇ ਅਧੀਨ ਕਰ ਦਿੱਤਾ ਤਾਂ ਕੁਝ ਨਹੀਂ ਛੱਡਿਆ ਜੋ ਉਹ ਦੇ ਅਧੀਨ ਨਾ ਕੀਤਾ ਹੋਵੇ। ਪਰ ਅਜੇ ਤੀਕਰ ਅਸੀਂ ਸਭ ਕੁਝ ਉਹ ਦੇ ਅਧੀਨ ਕੀਤਾ ਹੋਇਆ ਨਹੀਂ ਵੇਖਦੇ।**

**ਆਇਤ 5.** 2:1–4 ਵਾਲੀ ਤਾੜਨਾ ਦੇ ਬਾਅਦ ਲੇਖਕ ਫ਼ਰਿਸ਼ਤਿਆਂ ਉੱਤੇ ਮਸੀਹ ਦੀ ਮਹਾਨਤਾ ਦੇ ਸਬੰਧ ਵਿਚ ਆਪਣੇ ਤਰਕ ਵੱਲ ਪਰਤ ਆਇਆ।

**ਆਉਣ ਵਾਲੇ ਸੰਸਾਰ** ਮਸੀਹਾ ਦੇ ਯੁੱਗ ਨੂੰ ਆਖਿਆ ਗਿਆ ਹੈ ਜਿਸ ਵਿਚ ਹੁਣ ਅਸੀਂ ਰਹਿੰਦੇ ਹਾਂ (ਵੇਖੋ 6:5)। ਇਸ ਦੀ ਸ਼ੁਰੂਆਤ ਸੁਰਗ ਵਿਚ ਰਾਜਾ ਦੇ ਤੌਰ ਤੇ ਯਿਸੂ ਨੂੰ ਮਸਹ ਕੀਤੇ ਜਾਣ ਅਤੇ ਉਸ ਰਾਜ ਨੂੰ ਚਲਾਉਣ ਲਈ ਆਤਮਾ ਦੇ ਰਾਹੀਂ ਉਸ ਰਾਜ ਨੂੰ ਚਲਾਉਣਾ ਸ਼ੁਰੂ ਕਰਨ ਦੀ ਗੱਲ ਕੀਤੀ, ਰਸੂਲਾਂ ਦੇ ਕੰਮ 2 ਵਿਚ ਧਰਤੀ ਤੇ ਸਪੱਸ਼ਟ ਹੋਣ ਦੇ ਨਾਲ ਹੋਇਆ। ਬਹੁਤ ਸਾਰੇ ਲੋਕਾਂ ਦੇ ਵਿਚਾਰ ਦੇ ਉਲਟ, ਯਿਸੂ ਇਸ ਯੁਗ ਤੇ ਹਾਕਮ ਹੈ (ਮੱਤੀ 28:18)। ਅਸੀਂ ਵੀ ਉਸ ਯੁੱਗ ਵਿਚ ਰਹਿੰਦੇ ਹਾਂ ਜਿਸ ਵਿਚ ਯਿਸੂ ਦੇ ਸੇਵਕਾਂ ਦੇ ਤੌਰ ਤੇ ਰਸੂਲ ਖ਼ੁਦਾ ਦੇ ਲੋਕਾਂ ਉੱਤੇ ਰਾਜ ਕਰਦੇ ਹਨ। ਉਨ੍ਹਾਂ ਨੂੰ ਇਹ ਰਾਜ ਕਿਵੇਂ ਮਿਲਿਆ? ਆਪਣੇ ਲੇਖਾਂ ਵਿਚ ਉਨ੍ਹਾਂ ਨੂੰ ਦਿੱਤੀ ਗਈ ਸਿੱਖਿਆ ਦੇ ਰਾਹੀਂ ਜਿਸ ਵਿਚ ਉਨ੍ਹਾਂ ਨੂੰ ਪਵਿੱਤਰ ਆਤਮਾ ਦੇ ਰਾਹੀਂ ਗਵਾਹੀ ਦਿੱਤੀ ਗਈ ਸੀ (ਮੱਤੀ 19:28)।

''ਆਉਣ ਵਾਲੇ ਸੰਸਾਰ'' ਜਿੱਥੋਂ ਤਕ ਇਬਰਾਨੀਆਂ ਦੀ ਕਿਤਾਬ ਦੀ ਸਿੱਖਿਆ ਦੀ ਗੱਲ ਹੈ, ਇਸ ਇਜ਼ਹਾਰ ਨੂੰ ਉਸ ਸਮੇਂ ਲਈ ਲਾਗੂ ਕਰਨਾ ਜਿਹੜਾ ਯਿਸੂ ਦੀ ਦੂਜੀ ਆਮਦ ਦੇ ਬਾਅਦ ਆਵੇਗਾ ਇਸ ਵਾਕਅੰਸ਼ ਨੂੰ ਬੇਕਾਰ ਬਣਾ ਦਿੰਦਾ ਹੈ। ਲੇਖਕ ਯਿਸੂ ਦੀ ਮਹਾਨਤਾ ਨੂੰ ਵਿਖਾ ਰਿਹਾ ਸੀ ਨਾ ਕਿ ਭਵਿੱਖ ਦੇ ਕਿਸੇ ਹਜ਼ਾਰ ਵਰਿਹਾਂ ਦੇ ਰਾਜ ਨੂੰ।

**ਜਿਹ ਦੀ ਅਸੀਂ ਗੱਲ ਕਰਦੇ ਹਾਂ** ਵਾਕਅੰਸ਼ ਇਸ ਗੱਲ ਦਾ ਸੰਕੇਤ ਹੋ ਸਕਦਾ ਹੈ ਕਿ ਇਬਰਾਨੀਆਂ

ਦੇ ਨਾਂਅ ਖ਼ਤ ਪਹਿਲਾਂ ਉਪਦੇਸ਼ ਦੇ ਤੌਰ ਤੇ ਸੁਣਾਇਆ ਗਿਆ ਸੀ। ਕਿਸੇ ਵੀ ਸਾਵਧਾਨ ਪਾਠਕ ਲਈ ਇਹ ਨਿਚੋੜ ਕੱਢਣਾ ਅਸਾਨ ਹੈ ਕਿ ਇਬਰਾਨੀਆਂ ਦੀ ਕਿਤਾਬ ਪਹਿਲਾਂ ਇਕ ਉਪਦੇਸ਼ ਦੇ ਤੌਰ ਤੇ ਦਿੱਤੀ ਗਈ ਸੀ।

**ਆਇਤ 6. ਕਿਸੇ ਨੇ ਕਿਤੇ ਇਹ ਕਹਿ ਕੇ ਦਿੱਤੀ** ਦਾ ਅਰਥ ਇਹ ਨਹੀਂ ਹੈ ਕਿ ਜ਼ਬੂਰ 8:4–6 ਦੇ ਮੂਲ ਲੇਖਕ ਦਾ ਪਤਾ ਨਹੀਂ ਸੀ ਜਾਂ ਇਸ ਦਾ ਸਰੋਤ ਖ਼ੁਦਾਈ ਪ੍ਰੇਰਣਾ ਦੇ ਬਿਨਾਂ ਸਿਰਫ਼ ਮਨੁੱਖੀ ਲੇਖਕ ਸੀ। ਇਸ ਦੇ ਇਲਾਵਾ ਕਹਿਣ ਦਾ ਅਰਥ ਇਹ ਹੈ ਕਿ ਸੰਦੇਸ਼ ਹੋਰ ਕਿਸੇ ਵੀ ਗੱਲ ਤੋਂ ਵੱਧ ਅਹਿਮ ਹੈ। ਅਜਿਹੇ ਇਜ਼ਹਾਰ ਦੀ ਵਰਤੋਂ ਇਬਰਾਨੀਆਂ 4:4 ਵਿਚ ਹੋਈ ਹੈ: ''ਉਸ ਨੇ ਤਾਂ ਸੱਤਵੇਂ ਦਿਨ ਦੇ ਵਿਖੇ ਕਿਤੇ ਇਉਂ ਆਖਿਆ ਹੈ'' ਇਹ ਸਹੀ ਹੈ ਕਿ ਲੇਖਕ ਇਸ ਵਚਨ ਦੇ ਸਰੋਤ ਨੂੰ ਜਾਣਦਾ ਸੀ। ਫਿਲੋ ਨੇ ਵੀ ਅਜਿਹੀ ਸ਼ਬਦਾਵਲੀ ਦੀ ਵਰਤੋਂ ਕੀਤੀ ਜਦ ਉਸ ਨੂੰ ਵਚਨ ਦੇ ਲੇਖਕ ਦਾ ਪੱਕਾ ਪਤਾ ਸੀ।[8] ਜਦ ਸਰੋਤ ਖ਼ੁਦਾ ਹੈ ਤਾਂ ਮਨੁੱਖੀ ਲੇਖਕ ਦੀ ਪਛਾਣ ਜ਼ਰੂਰੀ ਨਹੀਂ ਹੈ।

ਜ਼ਬੂਰ 8:4 ਦਾ ਹਵਾਲਾ **ਮਨੁੱਖ ਦਾ ਪੁੱਤਰ** ਸਾਫ਼ ਤੌਰ ਤੇ ਜ਼ਬੂਰ ਵਿਚ ਸਾਰੇ ਹੀ ਨਾਸਵਾਨ ਮਨੁੱਖਾਂ ਦੀ ਗੱਲ ਕਰਦਾ ਹੈ। ਕੁਝ ਲੋਕਾਂ ਲਈ ਇਹ ਲਗਦਾ ਹੈ ਕਿ ਜ਼ਬੂਰ ਲਿਖਣ ਵਾਲੇ ਦੇ ਕਹਿਣ ਦਾ ਅਰਥ ਨਬੂਵਤ ਦੇ ਤੌਰ ਤੇ ਯਿਸੂ ਲਈ ਆਪਣਾ ਪਸੰਦੀਦਾ ਇਜ਼ਹਾਰ ਹੋ ਸਕਦਾ ਹੈ। ਪਰ ਇਬਰਾਨੀ ਕਵਿਤਾ ਦੀ ਇਕਸੁਰਤਾ ਇਸ ਦੀ ਗੱਲ ਕਰਦੀ ਹੈ ਕਿ ਇਹ ਵਾਕ ਅੰਸ਼ ਸਿਰਫ਼ ''ਮਨੁੱਖ ਜਾਤੀ'' ਲਈ ਸੀ। ਬਰੂਸ ਨੇ ਲਿਖਿਆ ਹੈ, ''ਇਹ ਤੱਥ ਬਣਿਆ ਰਹਿੰਦਾ ਹੈ ਕਿ ਜਦ ਤੋਂ ਯਿਸੂ ਨੇ ਆਪਣੇ ਆਪ ਨੂੰ ਮਨੁੱਖ ਦਾ ਪੁੱਤਰ ਆਖਿਆ, ਇਹ ਇਜ਼ਹਾਰ ਮਸੀਹੀ ਲੋਕਾਂ ਲਈ ਆਪਣੇ ਸ਼ੁਰੂਆਤੀ ਸ਼ਬਦਾਂ ਦੇ ਅੱਗੇ ਦਾ ਸੰਕੇਤ ਦੇਣ ਲਈ ਸੀ, ਅਤੇ ਇਬਰਾਨੀਆਂ ਦੇ ਲੇਖਕ ਲਈ ਇਸ ਦਾ ਇਹੀ ਸੰਕੇਤ ਸੀ।''[9]

ਹੋਰ ਸ਼ਬਦਾਂ ਵਿਚ ''ਮਨੁੱਖ ਦਾ ਪੁੱਤਰ'' ਕਹਿਣ ਦਾ ਅਰਥ ''ਮਨੁੱਖ,'' ਪਰ ਇਹ ਸਰੂਪ ਦਾ ਰੂਪ ਵੀ ਹੈ ਜਿਹੜਾ ਕਿ ਮਸੀਹ ਹੈ।[10] ਯਿਸੂ ਲਈ ਹੋਰ ਥਾਂ ਤੇ ''ਮਨੁੱਖ ਦੇ ਪੁੱਤਰ'' ਦੀ ਵਰਤੋਂ ਕਈ ਵਾਰ ਹੋਈ ਹੈ (ਉਦਾਹਰਣ ਲਈ ਦਾਨੀਏਲ 7:13 ਵਿਚ ਅਤੇ ਨਵੇਂ ਨੇਮ ਵਿਚ ਅੱਸੀ ਨਾਲੋਂ ਵੱਧ ਵਾਰ), ਤਾਂ ਹੱਲ ਇਸ ਵਿਚਾਰ ਵਿਚ ਹੋ ਸਕਦਾ ਹੈ ਕਿ ਇਸ ਆਇਤ ਦਾ ਦੋਹਰਾ ਅਰਥ ਸੀ, ਜਿਸ ਵਿਚ ਪਹਿਲੀ ਪ੍ਰਾਸੰਗਿਕਤਾ ਮਨੁੱਖ ਲਈ ਅਤੇ ਦੂਜੀ ਮਸੀਹ ਅਤੇ ਉਸ ਦੇ ਰਾਜ ਲਈ ਸੀ। ਜੇ ''ਮਨੁੱਖ ਦਾ ਪੁੱਤਰ'' ਸਿਰਫ਼ ਮਨੁੱਖਜਾਤੀ ਲਈ ਹੈ ਤਾਂ ਜ਼ਬੂਰ ਲਿਖਣ ਵਾਲੇ ਦੀ ਹੈਰਾਨੀ ਇਹ ਸੀ ਕਿ ਖ਼ੁਦਾ ਐਨੇ ਦੀਨ ਮਨੁੱਖ ਦੀ ਕਿੰਨੀ ਫ਼ਿਕਰ ਕਰਦਾ ਹੈ ਅਤੇ ਉਸ ਨੇ ਉਸ ਵਿਚ ਆਪਣੀ ਕਿੰਨੀ ਵੱਡੀ ਦਿਲਚਸਪੀ ਵਿਖਾਈ ਹੈ।[11]

ਆਇਤ 9 ਵਿਚ ਆਮ ਮਨੁੱਖ ਅਤੇ ਮਸੀਹ ਦੇ ਵਿਚ ਅੰਤਰ ਕੀਤਾ ਗਿਆ ਹੈ, ਜਿਸ ਨੂੰ ਖ਼ੁਦਾ ਨੇ ਮੌਤ ਸਹਿਤ (ਜਿਹੜੀ ਅਜੇ ਮਨੁੱਖ ਦੇ ਅਧੀਨ ਨਹੀਂ ਹੈ, ਜਿਵੇਂ ਕਿ ਆਇਤ 8 ਵਿਚ ਸੰਕੇਤ ਮਿਲਦਾ ਹੈ) ਅਧਿਕਾਰੀ ਠਹਿਰਾਇਆ। ਯਿਸੂ ਨੇ ਆਪਣੀ ਇੱਛਾ ਨਾਲ ਖ਼ੁਦਾ ਦੇ ਅੱਗੇ ਸਮਰਪਣ ਦੇ ਭਾਗ ਦੇ ਤੌਰ ਤੇ ਮੌਤ ਨੂੰ ਸ਼ਾਮਿਲ ਕੀਤਾ। ਉਸ ਨੂੰ ਮਰਨਾ ਪਿਆ ਜਿਵੇਂ ਅਸੀਂ ਮਰਦੇ ਹਾਂ। ਆਇਤਾਂ 7 ਅਤੇ 9 ਕਹਿੰਦੀਆਂ ਹਨ ਕਿ ਉਸ ਨੂੰ ''ਥੋੜੇ ਚਿਰ ਲਈ'' ਫ਼ਰਿਸ਼ਤਿਆਂ ਨਾਲੋਂ ਘੱਟ ਕੀਤਾ ਗਿਆ ਜਿਹੜੀ ਜ਼ਰੂਰ ਹੀ ਧਰਤੀ ਉੱਤੇ ਉਸ ਦੇ ਸਮੇਂ ਦੀ ਗੱਲ ਹੋਵੇਗੀ।

ਯਿਸੂ ਦੇ ਪ੍ਰਭੂ ਹੋਣ ਦਾ ਇਹ ਵਿਚਾਰ ਪਵਿੱਤਰ ਲਿਖਤ ਦੀਆਂ ਹੋਰ ਗੱਲਾਂ ਨਾਲੋਂ ਵੱਖ ਨਹੀਂ ਹੈ। ਸਗੋਂ ਇਸ ਨਾਲ ਅਜਿਹੇ ਸਵਾਲ ਉੱਠਦੇ ਹਨ ਜਿਨ੍ਹਾਂ ਦਾ ਜਵਾਬ ਅਸੀਂ ਨਹੀਂ ਦੇ ਸਕਦੇ। ਉਦਾਹਰਣ ਲਈ ਫ਼ਰਿਸ਼ਤਿਆਂ ਨੇ ਉਸ ਦੀ ਰੱਖਿਆ ਕਰਨੀ ਸੀ (ਮੱਤੀ 4:5, 6; ਵੇਖੋ ਜ਼ਬੂਰ 91:11, 12), ਪਰ ਇਹ ਉਨ੍ਹਾਂ ਨੇ ਇਵੇਂ ਉਸ ਦੀ ਆਗਿਆ ਦੇ ਕਾਰਣ ਕੀਤਾ ਜਾਂ ਪਿਤਾ ਤੋਂ ਮਿਲੇ ਕੰਮ ਦੇ ਤੌਰ ਤੇ? ਯਕੀਨਨ ਉਹ ਆਪਣੇ ਮਦਦਗਾਰਾਂ ਨੂੰ ਆਗਿਆ ਦੇ ਸਕਦਾ ਹੋਵੇਗਾ, ਕਿਉਂਕਿ ਉਨ੍ਹਾਂ ਨੇ ਗਤਸਮਨੀ ਵਿਚ ਉਸ ਦੀ ਮਦਦ ਕੀਤੀ ਸੀ (ਲੂਕਾ 22:43); ਪਰ ਉਸ ਨੇ ਆਖਿਆ ਕਿ ਉਸ ਨੂੰ ਫ਼ਰਿਸ਼ਤਿਆਂ

ਦੀ ਮਦਦ ਲਈ ''ਆਪਣੇ ਪਿਤਾ ਕੋਲ ਬੇਨਤੀ'' ਕਰਨੀ ਪੈਣੀ ਸੀ (ਮੱਤੀ 26:53)। ਜੇ ਉਸ ਨੂੰ ਉਨ੍ਹਾਂ ਦੇ ਉੱਤੇ ਇਖ਼ਤਿਆਰ ਸੀ ਤਾਂ ਭਲਾ ਉਹ ਪਿਤਾ ਦੇ ਕੋਲ ਗਏ ਬਿਨਾਂ ਉਨ੍ਹਾਂ ਨੂੰ ਆਗਿਆ ਨਹੀਂ ਦੇ ਸਕਦਾ ਸੀ?

ਖ਼ੁਦਾ ਦੇ ਬਣਾਏ ਵਿਸ਼ਾਲ ਸੰਸਾਰ ਦੇ ਹਿਸਾਬ ਨਾਲ ਮਨੁੱਖ ਤਾਂ ਧੂੜ ਦੇ ਕਣਾਂ ਵਰਗਾ ਹੈ। ਸਰਵਸ਼ਕਤੀਮਾਨ ਸਿਰਜਣਹਾਰ ਵੱਲੋਂ ਜਿਹੜਾ ਸਾਡੇ ''ਸੂਰਜ ਤੋਂ ਤੀਜੀ ਚੱਟਾਨ'' ਦੀ ''ਸੁੱਧ'' ਲੈ ਕੇ ਸਾਡੇ ਉੱਤੇ ਕਿਰਪਾ ਅਤੇ ਮਹਿਮਾ ਦਿੰਦਾ ਹੈ ਕਿੰਨਾਂ ਅਨੋਖਾ ਹੈ! ਬੇਸ਼ੱਕ ਉਮੀਦ ਨਾਲ ਸਾਡੇ ਛੋਟੇ ਗ੍ਰਹਿ ਉੱਤੇ ਉਸ ਦੀ ਸੁੱਧ ਲੈਣ ਦਾ ਚਰਮ ਮਸੀਹ ਦਾ ਆਉਣਾ ਸੀ। ਸਾਡੇ ਘਟੀਆ ਹੋਣ ਦੇ ਬਾਵਜੂਦ ਖ਼ੁਦਾ ਨੇ ਸਾਨੂੰ ''ਚੇਤੇ ਕੀਤਾ'' ਹੈ (ਆਇਤ 6; KJV)।

NASB ਵਿਚ ਆਖਿਆ ਗਿਆ ਹੈ ਕਿ ਖ਼ੁਦਾ ਨੂੰ ਮਨੁੱਖ **ਦੀ ਚਿੰਤਾ** ਹੈ, ਜਿਹੜਾ ਕਿ ਮੂਲ ਸ਼ਬਦ ਨਾਲ ਚੰਗੀ ਤਰ੍ਹਾਂ ਮਿਲਦਾ ਹੈ। ਉਹ ਸਿਰਫ਼ ''ਉੱਪਰੀ ਬੁਲਾਵਾ'' ਨਹੀਂ ਹੈ।[12] ਯਾਕੂਬ 1:27 ਸੁਝਾਅ ਦਿੰਦਾ ਹੈ ਕਿ ਅਨਾਥਾਂ ਅਤੇ ਵਿਦਵਾਨਾਂ ਦੀ ਸੁੱਧ ਲੈਣ ਦਾ ਅਰਥ ਅਜਿਹੇ ਲੋਕਾਂ ਨੂੰ ਵੇਖਣ ਜਾਣ ਨਾਲੋਂ ਕਿਤੇ ਵਧ ਕੇ ਹੈ। ਭਾਵ ਇਸ ਵਿਚ ਉਸ ਦੀ ''ਦੇਖਭਾਲ'' ਸ਼ਾਮਿਲ ਹੈ। ''ਯੂਸੁਫ਼ ਨੇ ਆਪਣੇ ਭਰਾਵਾਂ ਨੂੰ ਆਖਿਆ, ਮੈਂ ਮਰਨ ਵਾਲਾ ਹਾਂ ਪਰ ਪਰਮੇਸ਼ੁਰ ਜ਼ਰੂਰ ਤੁਹਾਡਾ ਧਿਆਨ ਰੱਖੇਗਾ ਅਤੇ ਉਹ ਤੁਹਾਨੂੰ ਉਸ ਦੇਸ਼ ਵਿਚ ਉਤਾਹਾਂ ਲੈ ਜਾਵੇਗਾ ਜਿਸ ਦੀ ਸਹੁੰ ਉਸ ਨੇ ਅਬਰਾਹਾਮ ਅਤੇ ਇਸਹਾਕ ਅਤੇ ਯਾਕੂਬ ਨਾਲ ਖਾਧੀ ਸੀ'' (ਉਤਪਤ 50:24)। ''ਧਿਆਨ'' ਆਪਣੇ ਲੋਕਾਂ ਨੂੰ ਬਰਕਤ ਦੇਣ ਲਈ ਖ਼ੁਦਾ ਵੱਲੋਂ ਕੀਤਾ ਗਿਆ ਖ਼ਾਸ ਕੰਮ ਸੀ; ਇਹ ਯਿਸੂ ਦੇ ਆਉਣ ਨਾਲ ਮਨੁੱਖਜਾਤੀ ਲਈ ਕੀਤਾ ਜਾਣਾ ਸੀ। ਵੱਧ ਤੋਂ ਵੱਧ ਇਹ ਕਹਿਣਾ ਕਿ ''ਖ਼ੁਦਾ ਨੇ ਯਿਸੂ ਦੇ ਮਹੱਤਵਹੀਨ ਹੋਣ ਦੇ ਕਾਰਣ ਉਸ ਦਾ ਧਿਆਨ ਰੱਖਿਆ ਸੀ'' ਬੜਾ ਹੀ ਬੇਤੁਕਾ ਲਗਦਾ ਹੈ। ਰੌਬਰਟ ਮਿਲਿਗਨ ਨੇ ਆਖਿਆ ਹੈ, ''ਭਲਾ ਇਹ ਆਮ ਤੌਰ ਤੇ ਮਨੁੱਖਜਾਤੀ ਲਈ ਹੈ ਨਾ ਕਿ ਨਿੱਜੀ ਤੌਰ ਤੇ ਯਿਸੂ ਮਸੀਹ ਲਈ ਮੰਨਿਆ ਜਾਂਦਾ ਹੈ, ਜਿਵੇਂ ਕਿ ਕੁਝ ਲੋਕਾਂ ਨੇ ਦੋਸ਼ ਲਾਇਆ ਹੈ, *[ਜ਼ਬੂਰ 8]* ਨਾਲ ਅਤੇ ਰਸੂਲ ਦੇ ਤਰਕ ਦੇ ਦਾਇਰੇ ਤੋਂ ਵੀ ਆਪਣੇ ਆਪ ਇਹ ਸਹੀ ਹੈ।''[13]

**ਆਇਤਾਂ 7, 8. ''ਤੈਂ ਉਹ ਨੂੰ *[ਮਨੁੱਖ]* ਦੂਤਾਂ ਨਾਲੋਂ ਥੋੜੇ ਚਿਰ ਲਈ ਘੱਟ ਕੀਤਾ''** (ਆਇਤ 7)। ਇਹ ਜ਼ਬੂਰ 8:5 ਤੋਂ ਲਿਆ ਗਿਆ ਹਵਾਲਾ ਹੈ। ਅਨੁਵਾਦ ਹੋਇਆ ਸ਼ਬਦ ''ਸੁਰਗਦੂਤਾਂ'' ਨੂੰ ਇਬਰਾਨੀ ਲਿਖਤ ਵਿਚ ''ਖ਼ੁਦਾ'' (*ᵉlohim*) ਹੈ, ਪਰ ਇਸ ਸ਼ਬਦ ਦਾ ਅਰਥ ''ਖ਼ੁਦਾਈ ਜੀਵ'' ਹੋ ਸਕਦਾ ਹੈ। ਇਹ ਇਸ ਗੱਲ ਵੱਲ ਇਸ਼ਾਰਾ ਕਰਦਾ ਹੋਇਆ ਲਗਦਾ ਹੈ ਕਿ LXX ਇਸ ਸ਼ਬਦ ਦਾ ਅਨੁਵਾਦ ''ਸੁਰਗਦੂਤਾਂ'' ਕਰਕੇ ਜ਼ਬੂਰ ਦੇ ਸਹੀ ਵਿਚਾਰ ਨੂੰ ਵਿਖਾਉਂਦਾ ਹੈ। NASB ਨੇ ਜ਼ਬੂਰ 8:5 ਵਿਚ *ᵉlohim* ਦਾ ਅਨੁਵਾਦ ''ਪਰਮੇਸ਼ੁਰ'' ਕੀਤਾ ਗਿਆ ਹੈ ਪਰ KJV ਅਤੇ ਪੰਜਾਬੀ ਵਿਚ ''ਸੁਰਗਦੂਤ'' ਹੋਇਆ ਹੈ।

ਇਸ ਜੀਵਨ ਵਿਚ ਰਹਿੰਦੇ ਹੋਏ ਮਨੁੱਖ ਫ਼ਰਿਸ਼ਤਿਆਂ ਨਾਲੋਂ ਘੱਟ ਹੀ ਰਹਿੰਦਾ ਹੈ। ਇਸ ਅਨੰਤਕਾਲ ਨੂੰ ਧਿਆਨ ਵਿਚ ਰੱਖਦੇ ਹੋਏ ਜਿਵੇਂ ਕਿ NASB ਵਿਚ ਕੀਤਾ ਗਿਆ ਹੈ ''ਥੋੜੀ ਦੇਰ ਦਾ ਸਮਾਂ'' ਮੰਨਿਆ ਜਾ ਸਕਦਾ ਹੈ। ਯਿਸੂ ਸਾਡੇ ਵਰਗਾ ਸਿਰਫ਼ ''ਥੋੜੇ ਚਿਰ'' ਲਈ ਸੀ। ਜੇ ਇੰਜ ਹੈ ਤਾਂ ਲੇਖਕ ਸੁਝਾਅ ਦੇ ਰਿਹਾ ਸੀ ਕਿ ਸਿਰਫ਼ ਅਖ਼ੀਰਲੇ ਬੰਦੇ ਭਾਵ ''ਮਸੀਹ'' ਦੇ ਰਾਹੀਂ ਹੀ ਮਨੁੱਖ ਸੰਸਾਰ ਅਤੇ ਆਪਣੀ ਤਕਦੀਰ ਉੱਤੇ ਫਿਰ ਤੋਂ ਕਾਬੂ ਪਾ ਸਕਦਾ ਹੈ, ਜਿਹੜਾ ਪਹਿਲੇ ਆਦਮ ਵੱਲੋਂ ਖੋਹਿਆ ਗਿਆ ਸੀ। ਮਨੁੱਖ ਨੂੰ ਮੂਲ ਵਿਚ ਅਜਿਹੇ ਕਾਬੂ ਪਾਉਣ ਲਈ ਹੀ ਬਣਾਇਆ ਗਿਆ ਸੀ। ਮੌਤ ਉੱਤੇ ਵੱਸ ਜਿਹੜਾ ਆਦਮ ਦੇ ਪਾਪ ਕਰਨ ਕਰਕੇ ਖੋਹ ਲਿਆ ਗਿਆ ਸੀ, ਸਿਰਫ਼ ਮਸੀਹ ਵਿਚ ਫਿਰ ਤੋਂ ਪਾਇਆ ਜਾ ਸਕਦਾ ਹੈ। ਇਹ ਤੱਥ ਇਸ ਗੱਲ ਦੀ ਵਿਆਖਿਆ ਕਰਦਾ ਹੈ ਕਿ **ਤੈਂ ਸੱਭੋ ਕੁਝ ਉਹ ਦੇ ਪੈਰਾਂ ਹੇਠ ਕਰ ਦਿੱਤਾ** (ਆਇਤ 8)। ਸਭ ਕੁਝ ਮਨੁੱਖਜਾਤੀ ਦੇ ਹੇਠ ਕੀਤਾ ਗਿਆ ਹੈ ਇਸ ਲਈ

ਬੇਸ਼ੱਕ ਉਨ੍ਹਾਂ ਨੂੰ ਮਸੀਹ ਦੇ ਹੇਠ ਕਰ ਦਿੱਤਾ ਗਿਆ ਹੈ।

ਤੁਸੀਂ ਕਹਿ ਸਕਦੇ ਹੋ, ''ਇਸ ਵਿਚ ਮੌਤ ਨਾਲੋਂ ਕਿਤੇ ਵਧ ਅਰਥ ਹੈ, ਕਿਉਂਕਿ ਮਨੁੱਖ ਧਰਤੀ ਦੇ ਜ਼ਿਆਦਾਤਰ ਭਾਗ ਉੱਤੇ ਕਾਬੂ ਨਹੀਂ ਰੱਖ ਸਕਦਾ।''[14] ਪਸ਼ੂਆਂ, ਮੌਸਮ ਦੇ ਤੱਤਾਂ ਅਤੇ ਧਰਤੀ ਦੀਆਂ ਪਰਤਾਂ ਉੱਤੇ ਵਿਚਾਰ ਕਰੋ ਜੋ ਮਨੁੱਖ ਦੇ ਵੱਸ ਵਿਚ ਨਹੀਂ ਹਨ। ਮਨੁੱਖ ਨੂੰ ਜੇ ਹਰ ਦਿਨ ਹਰ ਜਾਨਵਰ, ਮੌਸਮ ਦੇ ਹਰ ਤੱਤ ਅਤੇ ਧਰਤੀ ਦੀਆਂ ਪਰਤਾਂ ਉੱਤੇ ਹੱਕ ਮਿਲ ਵੀ ਜਾਵੇ ਤਾਂ ਵੀ ਉਸ ਨੂੰ ਮੌਤ ਨੂੰ ਵੱਸ ਵਿਚ ਰੱਖਣ ਦੇ ਯੋਗ ਹੋਣ ਦੀ ਕੋਈ ਉਮੀਦ ਨਹੀਂ ਹੈ। ਉਹ ਕੁਝ ਹੱਦ ਤਕ ਆਪਣੀ ਉਮਰ ਵਧਾ ਸਕਦਾ ਹੈ ਪਰ ਮੌਤ ਉਸ ਦੀ ਸ਼ਕਤੀ ਦੇ ਦਾਇਰੇ ਤੋਂ ਬਾਹਰ ਹੈ। ਇਹ ਇਸ ਵਚਨ ਦੇ ਸੰਦੇਸ਼ ਦਾ ਭਾਗ ਹੈ।

## ਮਸੀਹ ਸਾਡੀ ਮੁਕਤੀ ਨੂੰ ਦੁਆਉਣ ਵਾਲਾ (2:9–13)

**9ਪਰ ਅਸੀਂ ਉਹ ਨੂੰ ਜਿਹੜਾ ਦੂਤਾਂ ਨਾਲੋਂ ਥੋੜੇ ਚਿਰ ਲਈ ਘੱਟ ਕੀਤਾ ਗਿਆ ਹੈ ਅਰਥਾਤ ਯਿਸੂ ਨੂੰ ਮੌਤ ਦਾ ਦੁਖ ਝੱਲਣ ਦੇ ਕਾਰਨ ਪਰਤਾਪ ਅਤੇ ਮਾਣ ਦਾ ਮੁਕਟ ਰੱਖਿਆ ਹੋਇਆ ਵੇਖਦੇ ਹਾਂ ਤਾਂ ਜੋ ਉਹ ਪਰਮੇਸ਼ੁਰ ਦੀ ਕਿਰਪਾ ਨਾਲ ਹਰੇਕ ਮਨੁੱਖ ਲਈ ਮੌਤ ਦਾ ਸੁਆਦ ਚੱਖੇ। 10ਜਿਹ ਲਈ ਸੱਭੋ ਕੁਝ ਹੈ ਅਤੇ ਜਿਹ ਦੇ ਰਾਹੀਂ ਸੱਭੋ ਕੁਝ ਹੋਇਆ ਉਸ ਨੂੰ ਜੋਗ ਸੀ ਭਈ ਬਹੁਤਿਆਂ ਪੁੱਤਰਾਂ ਨੂੰ ਤੇਜ ਵਿਚ ਲਿਆਉਂਦਿਆਂ ਉਨ੍ਹਾਂ ਦੇ ਮੁਕਤੀ ਦੇਣ ਵਾਲੇ ਆਗੂ ਨੂੰ ਦੁਖਾਂ ਦੇ ਦੁਆਰਾ ਸੰਪੂਰਨ ਕਰੇ। 11ਕਿਉਂਕਿ ਉਹ ਜਿਹੜਾ ਪਵਿੱਤਰ ਕਰਦਾ ਹੈ ਅਤੇ ਉਹ ਜਿਹੜੇ ਪਵਿੱਤਰ ਕੀਤੇ ਜਾਂਦੇ ਹਨ ਸੱਭੇ ਇਕ ਤੋਂ ਹੀ ਹਨ। ਇਸ ਕਰਕੇ ਉਹ ਉਨ੍ਹਾਂ ਨੂੰ ਭਰਾ ਆਖਣ ਤੋਂ ਨਹੀਂ ਸ਼ਰਮਾਉਂਦਾ। 12ਪਰ ਏਹ ਕਹਿੰਦਾ,**

> **''ਮੈਂ ਆਪਣਿਆਂ ਭਾਈਆਂ ਨੂੰ ਤੇਰਾ ਨਾਮ ਸੁਣਾਵਾਂਗਾ,**
> **ਮੈਂ ਕਲੀਸੀਆ ਵਿਚ ਤੇਰੀ ਉਸਤਤ ਕਰਾਂਗਾ।''**

**13ਅਤੇ ਫੇਰ ਏਹ,**

> **''ਮੈਂ ਉਸ ਉੱਤੇ ਭਰੋਸਾ ਰੱਖਾਂਗਾ'';**

**ਅਤੇ ਫੇਰ,**

> **''ਮੈਂ ਅਤੇ ਓਹ ਬੱਚੇ ਜਿਹੜੇ ਪਰਮੇਸ਼ੁਰ ਨੇ ਸਾਨੂੰ ਬਖਸ਼ੇ।''**

ਜਿਸ ਸਚਿਆਈ ਵਿਚ ਸਾਡੀ ਖ਼ਾਸ ਦਿਲਚਸਪੀ ਹੋਣੀ ਚਾਹੀਦੀ ਹੈ ਉਹ ਮਨੁੱਖ ਦੇ ਅਧਿਕਾਰ ਵਿਚ ਨਹੀਂ ਦਿੱਤੀ ਗਈ ਸਗੋਂ ਜਿਹੜੀ ਯਿਸੂ ਨੇ ਸਾਡੇ ਲਈ ਫ਼ਤਹਿ ਪਾਈ ਹੈ ਉਸ ਵਿਚ ਹੈ। ਆਓ ਹੁਣ ਅਸੀਂ ਪੁੱਛਦੇ ਹਾਂ ਕਿ ਸਾਡੇ ਲਈ ਸਾਡੇ ਛੁਡਾਉਣ ਵਾਲੇ ਨੇ ਕੀ ਕੀਤਾ ਹੈ।

ਆਇਤ 9. ਉਸ ਨੇ ਇਕ ਖ਼ਾਸ ਮਕਸਦ ਲਈ ਥੋੜੇ ਸਮੇਂ ਦੇ ਦੌਰਾਨ ਆਪਣੇ ਆਪ ਨੂੰ ਦੂਤਾਂ ਦੇ ਹੇਠ ਨੀਵਾਂ ਕਰ ਦਿੱਤਾ। NIV ਅਤੇ KJV ਵਿਚ ਆਖਿਆ ਗਿਆ ਹੈ ਕਿ ਯਿਸੂ ਨੂੰ ''ਸੁਰਗਦੂਤਾਂ ਨਾਲੋਂ ਥੋੜ੍ਹਾ ਘੱਟ'' ਕੀਤਾ ਗਿਆ। ਗੈਰਲਡ ਐਫ਼. ਹਾਅਥੌਰਨ ਦਾ ਕਹਿਣਾ ਹੈ ਕਿ ਥੋੜੇ ਚਿਰ ਨੂੰ ਹੁਣ ਯੂਨਾਨੀ ਸ਼ਬਦਾਂ ਦਾ ਵਧੀਆ ਅਨੁਵਾਦ ਮੰਨਿਆ ਜਾਂਦਾ ਹੈ।[15] ਇਸ ਵਾਕਅੰਸ਼ ਦਾ ਅਨੁਵਾਦ ਜਿਵੇਂ ਵੀ ਹੋਵੇ ਪਰ ਅਰਥ ਉਹੀ ਰਹਿੰਦਾ ਹੈ। ਠਹਿਰਾਏ ਹੋਏ ਵਕਤ ਲਈ ਯਿਸੂ ਨੇ ਧਰਤੀ ਉੱਤੇ ਦੂਤਾਂ ਨਾਲੋਂ

ਘੱਟ ਸਥਿਤੀ ਲੈ ਲਈ। ਉਹ ਇੱਥੋਂ ਤਕ ਝੁੱਕ ਗਿਆ ਤਾਂ ਜੋ ਉਸ ਨੂੰ ਮੌਤ ਆ ਸਕੇ। ਇਹ ਸੱਚ ਹੈ ਕਿ ਫ਼ਰਿਸ਼ਤੇ ਮਰ ਨਹੀਂ ਸਕਦੇ ਪਰ ਉਹ ਗੁਆਚੇ ਹੋਏ ਪਾਪੀਆਂ ਦੀ ਮੁਕਤੀ ਵੀ ਨਹੀਂ ਕਰ ਸਕਦੇ ਜਾਂ ਮਨੁੱਖ ਨੂੰ ਮੌਤ ਦੇ ਉੱਤੇ ਫ਼ਤਹਿ ਨਹੀਂ ਦੁਆ ਸਕਦੇ।[16]

ਇਹ ਭਾਗ, 2:9–13 ਵਿਖਾਉਂਦਾ ਹੈ ਕਿ ਦੁੱਖ ਝੱਲਣਾ ਛੁਡਾਉਣ ਵਾਲੇ ਦੀ ਖ਼ੁਦਾਈ ਯੋਜਨਾ ਵਿਚ ਸੀ; ਉਸ ਦੀ ਤਕਲੀਫ਼ ਇਤਫ਼ਾਕ ਨਹੀਂ ਸੀ। ਇਹ ਵਚਨ ਇਹ ਵੀ ਵਿਖਾਉਂਦਾ ਹੈ ਕਿ ਛੁਟਕਾਰੇ ਦੀ ਇਸ ਪ੍ਰਤੀਕਿਰਿਆ ਦੀ ਵੱਡੀ ਸ਼ੁਰੂਆਤ ਕਰਨ ਵਾਲਾ ਖ਼ੁਦਾ ਹੀ ਸੀ।[17] ਉਸ ਦਾ ਕੁਲ ਮਕਸਦ ਬਹੁਤੇ ਪੁੱਤਰਾਂ ਨੂੰ ਮਹਿਮਾ ਵਿਚ ਲਿਆਉਣਾ ਸੀ।

ਇਹ ਧਰਤੀ ਉੱਤੇ ਮੌਤ ਦੀ ਤਕਲੀਫ਼ ਦੇ ਕਾਰਨ ਆਇਆ। ''ਕਾਰਣ'' (KJV ਵਿਚ ''ਲਈ'') *huper* ਹੈ ਜਿਸਦਾ ਅਰਥ ਹੈ ''ਦੇ ਵੱਲੋਂ'' ਜਾਂ ਬਦਲ ਦੇ ਤੌਰ ਤੇ ਆਤਮ ਕੁਰਬਾਨੀ ਦੇ ਵਾਂਗ ਹੈ। ਮਸੀਹ ਮੇਰੀ ਥਾਂ ਮੇਰੇ ਲਈ ਮਰ ਗਿਆ। ਉਹ ਸਲੀਬ ਤੇ ਮੇਰੀ ਥਾਂ ਤੇ ਮਰ ਮਰ ਰਿਹਾ ਸੀ! ਅਸੀਂ ਸਚਮੁਚ ਵਿਚ ਕਹਿ ਸਕਦੇ ਹਾਂ, ''ਉੱਥੇ, ਮਸੀਹ ਵਿਚ ਖ਼ੁਦਾ ਦੀ ਕਿਰਪਾ ਲਈ ਹੀ, ਮੈਂ ਜਾਂਦਾ ਹਾਂ।'' ਉਸ ਦਾ ਆਉਣਾ, ਮਰਨਾ, ਅਤੇ ਉੱਚਾ ਕੀਤਾ ਜਾਣਾ ਸਭ ''ਖ਼ੁਦਾ ਦੀ ਕਿਰਪਾ ਨਾਲ'' ਹੋਇਆ ਹੈ। ਪਾਪੀ ਹੋਵੇ ਜਾਂ ਸੰਤ ਉਹ ''ਹਰ ਕਿਸੇ'' ਲਈ ਮਰਨ ਨੂੰ ਤਿਆਰ ਸੀ। ਉਸ ਨੇ ਇੰਜ ਆਪਣੇ ਦੁਸ਼ਮਣਾਂ ਲਈ ਵੀ ਦੁੱਖ ਝੱਲਿਆ (ਰੋਮੀਆਂ 5:8–10)।

ਸਾਡੇ ਮੁਕਤੀਦਾਤੇ ਦਾ ਦੇਹਧਾਰੀ ਹੋਣਾ, ਮੌਤ, ਪ੍ਰਾਸਚਿਤ ਅਤੇ ਵਿਚੋਲਪੁਣਾ ਸਾਡੇ ਲਈ ਖ਼ੁਦਾ ਦੇ ਪ੍ਰੇਮ ਦੇ ਰਾਹੀਂ ਸਾਡਾ ਹੁੰਦਾ ਹੈ (ਯੂਹੰਨਾ 3:16)। ਦੁੱਖ ਝੱਲਣ ਲਈ ਉਸ ਨੇ ਤਿਆਰ ਹੋਣ ਦੇ ਕਾਰਣ ਆਗਿਆ ਮੰਨਣਾ ਸਿੱਖ ਕੇ (5:8, 9) ਹੁਣ ਉਹ ''ਆਪਣੇ ਸੱਭ ਆਗਿਆ ਮੰਨਣ ਵਾਲਿਆਂ'' ਦਾ ਮੁਕਤੀਦਾਤਾ ਬਣ ਕੇ **ਪਰਤਾਪ ਅਤੇ ਮਾਣ ਦਾ ਮੁਕਟ ਰੱਖਿਆ** ਹੈ (5:9)। ਉਹ ਸਾਡਾ ਜਲਾਲੀ ਛੁਟਕਾਰਾ ਦੇਣ ਵਾਲਾ ਹੈ ਅਤੇ ਜਿਹੜੇ ਲੋਕ ਉਸ ਦੀ ਆਗਿਆ ਨੂੰ ਮੰਨਦੇ ਹਨ ਉਹ ਚੁਣੇ ਹੋਏ ਲੋਕ ਬਣ ਜਾਂਦੇ ਹਨ। ਹੋਰ ਲੋਕ ਭਾਵੇਂ ਧਨਵਾਨ ਹੋਣ, ਪਰ ਇਸ ਧਨ ਦੇ ਮੁਕਾਬਲੇ ਜਿਹੜਾ ਮਸੀਹ ਦੇ ਰਾਹੀਂ ਸਾਨੂੰ ਮਿਲਦਾ ਹੈ ਕੰਗਾਲ ਹਨ।

ਮਸੀਹ **ਹਰੇਕ ਮਨੁੱਖ** ਲਈ ਮਰਿਆ, ਨਾ ਕਿਸੇ ਕਥਿਤ ''ਚੁਣੀ ਹੋਈ'' ਜਮਾਤ ਲਈ। ਮਸੀਹ ਦੀ ਮੌਤ ਨਾਲ ਸਬੰਧਿਤ ਇਸ ਤਸਦੀਕ ਵਿਚ ਸੀਮਤ ਪਰਾਸਚਿਤ ਕਹਿਣ ਵਾਲੀ ਕਿਸੇ ਸਿੱਖਿਆ ਦੀ ਝਲਕ ਨਹੀਂ ਹੈ।[18] ਜੇ ਜਿਹੜੇ ਚੁਣੇ ਨਹੀਂ ਗਏ ਹਨ ਉਹ ਨਰਕ ਵਿਚ ਜਾਣਗੇ ਅਤੇ ਬਿਨਾਂ ਆਸ ਦੇ ਜਾਣਗੇ, ਤਾਂ ਉਸ ਦੀ ਮੌਤ ਇਕ ਬੇਕਾਰ ਕੁਰਬਾਨੀ ਸੀ, ਘੱਟੋ ਘੱਟ ਮਨੁੱਖ ਜਾਤੀ ਦੇ ਨਾ ਚੁਣੇ ਹੋਏ ਭਾਗ ਲਈ ਹੈ। ਮਾਰਸ਼ਲ ਕੀਬਲ ਦਾ ਕਹਿਣਾ ਸੀ, ''ਚੋਣ ਇਵੇਂ ਹੈ: ਖ਼ੁਦਾ ਤੁਹਾਡੇ ਪੱਖ ਵਿਚ ਵੋਟ ਪਾਉਂਦਾ ਹੈ, ਸ਼ੈਤਾਨ ਤੁਹਾਡੇ ਵਿਰੋਧ ਵਿਚ ਪਾਉਂਦਾ ਹੈ ਅਤੇ ਤੁਸੀਂ ਫ਼ੈਸਲੇ ਵਾਲੀ ਵੋਟ ਪਾਉਂਦੇ ਹੋ।'' ਜਿੰਨੀ ਇਹ ਗੱਲ ਸਿੱਧੀ ਹੈ ਓਨੀ ਚੰਗੀ ਵੀ ਲਗਦੀ ਹੈ।

ਆਪਣੇ ਦੀਨ ਕੀਤੇ ਜਾਣ ਅਤੇ ਮੌਤ ਦੇ ਕਾਰਣ ਮਸੀਹ ਨੂੰ ਅਤਿ ਉੱਚਾ ਕੀਤਾ ਗਿਆ ਹੈ। ਫ਼ਿਲਿੱਪੀਆਂ ਦੇ ਨਾਂਅ ਖ਼ਤ ਵਿਚ ਪੌਲੁਸ ਨੇ ਇਸ ਗੱਲ ਨੂੰ ਜੋੜਿਆ ਕਿ ਉਸ ਦੇ ਉੱਚਾ ਕੀਤੇ ਜਾਣ ਦੇ ਨਾਲ ਹਰ ਗੋਡੇ ਲਈ ਝੁਕਣ ਅਤੇ ਹਰ ਜੀਵ ਲਈ ਮਸੀਹ ਨੂੰ ਪ੍ਰਭੂ ਮੰਨਣ ਦਾ ਸਮਾਂ ਆਵੇਗਾ। ਉਨ੍ਹਾਂ ਮਸ਼ਹੂਰ ਲੋਕਾਂ ਦਾ ਧਿਆਨ ਕਰੋ ਜਿਹੜੇ ਅੱਜ ਦੇ ਸਮੇਂ ਵਿਚ ਰਹਿ ਰਹੇ ਹਨ, ਭਾਵੇਂ ਉਹ ਰਾਜਨੈਤਿਕ, ਸੈਨਿਕ ਜਾਂ ਮਨੋਰੰਜਨ ਜਗਤ ਦੇ ਹਨ, ਉਹ ਸਾਰੇ ਯਿਸੂ ਦੇ ਅੱਗੇ ਝੁਕਣਗੇ (ਫ਼ਿਲਿੱਪੀਆਂ 2:8–11)। ਸਾਰੇ ਲੋਕ, ਉਨ੍ਹਾਂ ਦੇ ਆਪਣੇ ਆਪਣੇ ਵਿਚਾਰ ਭਾਵੇਂ ਜੋ ਵੀ ਹੋਣ, ਇਕ ਦਿਨ ਪੂਰੀ ਤਰ੍ਹਾਂ ਨਾਲ ਉਸ ਨੂੰ ਮੰਨ ਲੈਣਗੇ! ਯਸਾਯਾਹ ਦੇ ਦਿਨਾਂ ਵਿਚ ਇਸ ਉੱਚਾ ਕੀਤੇ ਜਾਣ ਦੇ ਵਾਅਦਾ ਉਸ ਦੀ ਮੌਤ ਦਾ ਨਤੀਜਾ ਦੱਸਿਆ ਗਿਆ ਸੀ (ਯਸਾਯਾਹ 53:12)। ਮਸੀਹ ਹੁਣ ਖ਼ੁਦਾ ਦੇ ਸੱਜੇ ਹੱਥ ਰਾਜ ਕਰਦਾ ਹੈ, ਜਿਸ ਦਾ ਅਰਥ ਇਹ ਹੈ ਕਿ ਉਸ ਨੂੰ ਰਾਜਿਆਂ ਦੇ ਰਾਜਾ ਅਤੇ ਪ੍ਰਭੂਆਂ ਦੇ ਪ੍ਰਭੂ ਦੇ ਤੌਰ ਤੇ ਰਾਜਮੁਕਟ

ਪਾ ਦਿੱਤਾ ਗਿਆ ਹੈ (1 ਤਿਮੋਥਿਉਸ 6:15; ਇਬਰਾਨੀਆਂ 8:1; ਵੇਖੋ ਪ੍ਰਕਾਸ਼ ਦੀ ਪੋਥੀ 17:14)।

ਕੋਈ ਪੁੱਛ ਸਕਦਾ ਹੈ, ''ਆਪਣੀ ਸਾਰੀ ਖ਼ੁਦਾਈ ਸ਼ਕਤੀ ਦੇ ਨਾਲ ਖ਼ੁਦਾ ਆਪਣੇ ਪੁੱਤਰ ਦੀ ਮਹਾਨ ਕੁਰਬਾਨੀ ਨੂੰ ਛੱਡ ਕਿਸੇ ਹੋਰ ਢੰਗ ਨਾਲ ਮੁਕਤੀ ਦਾ ਕੰਮ ਕਿਉਂ ਨਹੀਂ ਕਰ ਸਕਦਾ?'' ਜਿਹੜਾ ਮਨੁੱਖ ਇਹ ਕਹਿੰਦਾ ਹੈ, ਮੇਰੇ ਮਨ ਵਿਚ ਅਜਿਹੇ ਖ਼ੁਦਾ ਲਈ ਉੱਚਾ ਵਿਚਾਰ ਨਹੀਂ ਹੋ ਸਕਦਾ ਜਿਹੜਾ ਆਪਣੇ ਪੁੱਤਰ ਨੂੰ ਦੁਸ਼ਟ ਸੰਸਾਰ ਲਈ ਮਰਨ ਲਈ ਦੇ ਦਵੇ। ਉਹ ਸਾਨੂੰ ਖ਼ੁਦਾ ਦੇ ਇਲਾਵਾ ਆਪਣੇ ਬਾਰੇ ਵੱਧ ਦੱਸ ਰਿਹਾ ਹੈ। ਉਸ ਨੂੰ ਲਗਦਾ ਹੈ ਕਿ ਉਸ ਦੀ ਆਪਣੀ ਸਮਝ ਸਾਡੇ ਪ੍ਰੇਮੀ ਪਿਤਾ ਤੋਂ ਵਧ ਕੇ ਹੈ। ਉਹ ਕਿਵੇਂ ਦੱਸੇਗਾ ਕਿ ਸਾਡੇ ਸੰਸਾਰ ਦੀ ਮੁਕਤੀ ਕਿਵੇਂ ਹੋਵੇ? ਜੇ ਕੋਈ ਹੋਰ ਤਰੀਕਾ ਹੋਵੇ ਤਾਂ ਖ਼ੁਦਾ ਯਕੀਨਨ ਹੀ ਉਸ ਦੀ ਵਰਤੋਂ ਕਰਦਾ।

**ਆਇਤ 10.** ''ਮੁਕਤੀ ਦਾ ਵਿਰਸਾ ਪਾਉਣ ਵਾਲਿਆਂ'' (1:14) ਨੂੰ ''ਪੁੱਤਰ'' ਆਖਿਆ ਗਿਆ ਹੈ। ਯਿਸੂ ਨੂੰ ''ਹਰੇਕ ਮਨੁੱਖ ਲਈ ਮੌਤ ਦਾ ਸੁਆਦ'' ਚੱਖਣਾ ਜ਼ਰੂਰੀ ਸੀ (ਆਇਤ 9)। ਜੋ ਕਿ ਉਨ੍ਹਾਂ ਲਈ ਹੀ ਹੈ ਜਿਹੜੇ ''ਮੀਰਾਸ ਪਾਉਣਗੇ ਅਤੇ ਜੋ ਪੁੱਤਰ'' ਹਨ।

ਮਸੀਹ ਦਾ ਮਨੁੱਖੀ ਸੁਭਾਅ ਖ਼ਾਸ ਕਰਕੇ ਉਸ ਦੀ ਮੌਤ ਹੈ। ਬਹੁਤੇ ਯਹੂਦੀਆਂ ਲਈ ਠੋਕਰ ਦੀ ਕਾਰਨ ਸੀ (1 ਕੁਰਿੰਥੀਆਂ 1:23)। ਉਹ ਜਾਣਦੇ ਸਨ ਕਿ ''ਮਸੀਹ ਸਦਾ ਰਹੂ'' (ਯੂਹੰਨਾ 12:34)। ਇਨ੍ਹਾਂ ਪਿੱਛੇ ਮੁੜਨ ਵਾਲਿਆਂ ਯਹੂਦੀ ਮਸੀਹੀ ਲੋਕਾਂ ਨੂੰ ਇਹ ਵਿਖਾਉਣ ਲਈ ਕਿ ਉਨ੍ਹਾਂ ਲਈ ਜਿਸ ਮਨੁੱਖਤਾ ਨੇ ਯਿਸੂ ਨੂੰ ਮਰਨ ਦਿੱਤਾ ਉਹ ਖ਼ੁਦਾ ਦੀ ਯੋਜਨਾ ਦਾ ਭਾਗ ਸੀ, ਇਬਰਾਨੀਆਂ ਦੇ ਲੇਖਕ ਨੂੰ ਮਜ਼ਬੂਰ ਹੋਣਾ ਪਿਆ।

ਸਾਡੇ ਮੁਕਤੀ ਦੇ ਕੰਮ ਨੂੰ ਕਰਨ ਲਈ ਮਰਨਾ ਉਸ ਨੂੰ ਜੋਗ ਸੀ (ਆਇਤ 10)। ਆਇਤ 10 ਨੂੰ ਲੇਖ ਦੇ ਇਸ ਭਾਗ ਦਾ ''ਥੀਸਿਸ'' ਆਖਿਆ ਜਾ ਸਕਦਾ ਹੈ (2:10–18)। ਆਪਣੇ ਦੁੱਖ ਝੱਲਣ ਵਿਚ ਯਿਸੂ ਦਾ ਟੀਚਾ ਬਹੁਤਿਆਂ ਪੁੱਤਰਾਂ ਨੂੰ ਤੇਜ ਵਿਚ ਲਿਆਉਣਾ ਸੀ। ਮਰਕੁਸ ਨੇ ਯਿਸੂ ਦੇ ਬੁੱਲ੍ਹਾਂ ਨਾਲ ਇਸੇ ਮਕਸਦ ਨੂੰ ਦੁਹਰਾਇਆ: ''ਕਿਉਂਕਿ ਮਨੁੱਖ ਦਾ ਪੁੱਤਰ ਵੀ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਲਈ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ'' (ਮਰਕੁਸ 10:45)। ਯਿਸੂ ਸਾਡੇ ਪਾਪਾਂ ਨੂੰ ਕੱਜਣ ਅਤੇ ਖ਼ੁਦਾ ਦੀ ਕਿਤਾਬ ਵਿੱਚੋਂ ਉਨ੍ਹਾਂ ਨੂੰ ਮੇਟਣ ਲਈ ਮਰਿਆ! ਇੰਜ ਖ਼ੁਦਾ ਦਾ ਪ੍ਰੇਮ ਵਿਖਾਇਆ ਗਿਆ, ਅਤੇ ਅਸੀਂ ਸਾਫ਼ ਤੌਰ ਤੇ ਉਸ ਜਵਾਬ ਨੂੰ ਵੇਖ ਸਕਦੇ ਹਾਂ ਜਿਹੜਾ ਅਸੀਂ ਦੇਣਾ ਹੈ (1 ਯੂਹੰਨਾ 4:19)।

''ਉਸ ਨੂੰ ਇਹ ਹੀ ਚੰਗਾ ਲੱਗਿਆ'' ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਮਸੀਹ ਦੀ ਮੌਤ ਸਾਡੇ ਲਈ ਖੁਦਾ ਦੇ ਵੱਡੇ ਪ੍ਰੇਮ ਨੂੰ ਵਿਖਾਉਣ ਲਈ ਬੇਹਤਰੀਨ ਢੰਗ ਸੀ। ਅਰਸਤੂ ਨੇ ''ਚੰਗਾ'' ਸ਼ਬਦ ਦਾ ਅਰਥ ''ਅਜਿਹਾ ਹੀ ਹੋਣਾ ਸੀ'' ਦੇ ਅਰਥ ਵਿਚ ਵਰਤਿਆ। ਬਰੂਸ ਨੇ ਲਿਖਿਆ, ''ਸਾਡੇ ਆਪਣੇ ਪ੍ਰਭੂ ਦੇ ਦੁੱਖ ਝੱਲਣ ਵਿਚ ਅਸੀਂ ਖ਼ੁਦਾ ਦੇ ਆਪਣੇ ਦਿਲ ਨੂੰ ਖੁੱਲ੍ਹਿਆ ਹੋਇਆ ਵੇਖਦੇ ਹਾਂ; ਅਤੇ ਕਿਤੇ ਵੀ ਅਸੀਂ ਖ਼ੁਦਾ ਨੂੰ ਪੂਰੀ ਤਰ੍ਹਾਂ ਨਾਲ ਜਾਂ ਹੋਰ ਯੋਗ ਢੰਗ ਨਾਲ ਨਹੀਂ ਵੇਖਦੇ ਜਿਵੇਂ ਕਿ ਅਸੀਂ ਉਸ ਨੂੰ ਮਸੀਹ ਵਿਚ ਹੋ ਕੇ ਆਪਣੇ ਸੰਸਾਰ ਦਾ ਮੇਲ ਮਿਲਾਪ'' ਕਰਨ ਵਿਚ ਵੇਖਦੇ ਹਾਂ [2 ਕੁਰਿੰਥੀਆਂ 5:19]।[19]

**ਜਿਹਦੇ ਲਈ ਸੱਭੋ ਕੁਝ ਹੈ ਅਤੇ ਜਿਹ ਦੇ ਰਾਹੀਂ ਸੱਭੋ ਕੁਝ ਹੋਇਆ** ਹੈ। 1:2, 3 ਦੀ ਗੱਲ ਕਰਦਾ ਹੈ ਜਿੱਥੇ ਯਿਸੂ ਨੂੰ ''ਸਭਨਾਂ ਵਸਤਾਂ ਦਾ ਵਾਰਸ'' ਦੱਸਿਆ ਗਿਆ ਹੈ। ਉਹ ਆਪਣੇ ਸਮਰੱਥ ਵਚਨ ਦੇ ਰਾਹੀਂ ''ਸਭਨਾਂ ਵਸਤਾਂ ਨੂੰ ਸਮ੍ਹਾਲ'' ਦਾ ਹੈ। ਸੱਭੋ ਕੁਝ ਮਸੀਹ ਦੇ ਰਾਹੀਂ ਬਣਾਇਆ ਗਿਆ ਸੀ (ਯੂਹੰਨਾ 1:3; ਵੇਖੋ ਰੋਮੀਆਂ 11:36)। ਸਾਰੀ ਸ੍ਰਿਸ਼ਟੀ ਖ਼ੁਦਾ ਅਤੇ ਮਸੀਹ ਦੀ ਮਹਿਮਾ ਲਈ ਵਿਦਮਾਨ ਹੈ।

ਉਹ ਸਾਡੀ ਮੁਕਤੀ ਦਾ **ਦੇਣ ਵਾਲਾ** (NASB; NIV) ਅਤੇ ''ਕਪਤਾਨ'' (KJV) ਹੈ (ਵੇਖੋ 12:2)। ਇੱਥੇ ਅਨੁਵਾਦ ਹੋਇਆ ਸ਼ਬਦ ''ਦੇਣ ਵਾਲਾ'' (*archēgos*) ਦਾ ਅਰਥ ''ਰਾਹ ਲੱਭਣ

ਵਾਲਾ'' ਜਾਂ ''ਗਾਈਡ'' ਹੈ।[20] ਸਾਡੇ ਮੁਕਤੀਦਾਤੇ ਮਸੀਹ ਨੇ ਰਾਹ ਬਣਾ ਦਿੱਤਾ ਹੈ ਜਿਸ ਉੱਤੋਂ ''ਬਹੁਤਿਆਂ ਪੁੱਤਰਾਂ'' ਨੂੰ ਮਹਿਮਾ ਵਿਚ ਲਿਆਂਦਾ ਜਾ ਸਕਦਾ ਹੈ।[21] ਰਾਜਾ ਜੇਮਸ ਦੇ ਸਮੇਂ ਵਿਚ ਜਿਸ ਨੇ 1611 ਵਿਚ ਜ਼ਿਆਦਾਤਰ (ਕਿੰਗ ਜੇਮਸ) ਬਣਾਉਣ ਦੀ ਆਗਿਆ ਦਿੱਤੀ, ''ਕਪਤਾਨ'' ਉਸ ਨੂੰ ਆਖਿਆ ਜਾਂਦਾ ਸੀ ਜਿਹੜਾ ਯੁੱਧ ਵਿਚ ਫ਼ੌਜ ਦੀ ਅਗਵਾਈ ਕਰਦਾ ਸੀ। ਪੁਰਾਣੇ ਸੰਸਾਰ ਦਿਆਂ ਯੂਨਾਨੀ ਲੇਖਾਂ ਵਿਚ ਇਸ ਸ਼ਬਦ ਦੀ ਵਰਤੋਂ ਉਸ ਯੋਧਾ ਲਈ ਕੀਤੀ ਜਾਂਦੀ ਸੀ ਜਿਸ ਨੇ ਨਗਰ ਦੀ ਸਥਾਪਨਾ ਕੀਤੀ ਹੋਵੇ ਅਤੇ ਉਸ ਨੂੰ ਨਾਂਅ ਦਿੱਤਾ ਹੋਵੇ ਅਤੇ ਉਸ ਦੇ ਰੱਖਿਅਕ ਦਾ ਨਾਂਅ ਦਿੱਤਾ ਹੋਵੇ।[22] ਅਜਿਹਾ ਵਿਆਖਿਆਕਾਰੀ ਹਵਾਲਾ ਯਕੀਨਨ ਹੀ ਮਸੀਹ ਲਈ ਲਾਗੂ ਹੁੰਦਾ ਹੈ, ਜਿਸ ਨੇ ਸਾਨੂੰ ਮਹਿਮਾ ਦਾ ਰਾਹ ਵਿਖਾਇਆ ਹੈ।

ਸਾਨੂੰ **ਸੰਪੂਰਣ** ਕਰਕੇ ਉਸ ਨੇ ਸਾਡੇ ਲਈ ਹੁਣ ਵੀ ਸਰਵਸ਼ਕਤੀਮਾਨ ਦੇ ਜਲਾਲੀ ਦਰਬਾਰ ਵਿਚ ਜਾਣਾ ਯਕੀਨੀ ਬਣਾ ਦਿੱਤਾ ਹੈ (4:15, 16)। ਤਾਂ ਯਿਸੂ ਨੂੰ ''ਸੰਪੂਰਣ'' ਕਿਵੇਂ ਕੀਤਾ ਗਿਆ? ਕਿਰਿਆ ਰੂਪ ਦੇ ਸਬੰਧ ਵਿਚ ''ਸੰਪੂਰਣ'' (***teleioō***) ਦਾ ਅਰਥ ''ਕਿਸੇ ਪ੍ਰਕਿਰਿਆ ਨੂੰ ਪੂਰਾ ਕਰਨਾ'' ਹੈ। ਇੱਥੇ ਪੂਰਾ ਹੋਣਾ ਦੁੱਖ ਝੱਲਣ ਦੇ ਨਾਲ ਹੋਇਆ ਸੀ।[23] ਮਸੀਹ ਦਾ ''ਸੰਪੂਰਣ'' ਬਣਨਾ ਇਹ ਸੁਝਾਅ ਨਹੀਂ ਦਿੰਦਾ ਹੈ ਕਿ ਉਸ ਵਿਚ ਪਹਿਲਾਂ ਕੋਈ ਨੈਤਿਕ ਦੋਸ਼ ਸੀ; ਸਗੋਂ ਇਹ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਉਸ ਨੇ **ਦੁਖਾਂ ਦੇ ਦੁਆਰਾ** ਸਾਡਾ ਮਹਾਯਾਜਕ ਹੋਣ ਲਈ ਪੂਰੀ ਤਰ੍ਹਾਂ ਨਾਲ ਯੋਗ ਬਣਾਇਆ ਗਿਆ (ਵੇਖੋ 5:8, 9)। ਮਸੀਹ ਨੂੰ ਦੁੱਖ ਝੱਲਣ ਦੇ ਨਾਲ ਸਿੱਧ ਕੀਤਾ ਗਿਆ। ਭਾਵ ਉਸ ਨੂੰ ਉਸ ਕੰਮ ਲਈ ਪੂਰਾ ਕਰਨ ਲਈ ''ਯੋਗ'' ਜਾਂ ''ਪੂਰੀ ਤਰ੍ਹਾਂ ਨਾਲ ਪ੍ਰਭਾਵਸ਼ਾਲੀ'' ਬਣਾਇਆ ਗਿਆ।[24] ਮਨੁੱਖੀ ਤੌਰ ਤੇ ਕਹੀਏ ਤਾਂ ਯਿਸੂ ਵਿਚ ਸਰੀਰ ਦੀਆਂ ਉਹ ਸਭ ਕਮਜ਼ੋਰੀਆਂ ਸਨ ਜਿਹੜੀਆਂ ਸਾਡੇ ਵਿਚ ਹਨ; ਉਸ ਨੂੰ ਓਵੇਂ ਹੀ ਵੱਡਾ ਹੋਣਾ ਪਿਆ ਜਿਵੇਂ ਅਸੀਂ ਹੁੰਦੇ ਹਾਂ (ਵੇਖੋ ਲੂਕਾ 2:52)। ਖ਼ੁਦਾ ਦੇ ਸਾਹਮਣੇ ਮਨੁੱਖ ਦੇ ਪਾਪਾਂ ਦਾ ਪ੍ਰਾਸਚਿਤ ਭੇਂਟ ਕਰਨ ਲਈ, ਪ੍ਰਭਾਵੀ ਹੋਣ ਲਈ, ਜਾਜਕ ਲਈ ਪੂਰੀ ਤਰ੍ਹਾਂ ਨਾਲ ਮਨੁੱਖੀ ਲੋੜਾਂ ਅਤੇ ਮੁਸ਼ਕਿਲਾਂ ਦੀ ਸਮਝ ਹੋਣਾ ਜ਼ਰੂਰੀ ਸੀ। ਯਿਸੂ ਨੇ ਸਾਡੇ ਪਾਪਾਂ ਦੇ ਪ੍ਰਾਸਚਿਤ ਦੇ ਤੌਰ ਤੇ ਆਪਣੇ ਆਪ ਨੂੰ ਦੇ ਦਿੱਤਾ; ਇੰਜ ਉਸ ਨੇ ਇਸ ਲਈ ਕੀਤਾ ਤਾਂ ਜੋ ਖ਼ੁਦਾ ਪਾਪਾਂ ਨੂੰ ਮਾਫ਼ ਕਰਨ ਵਿਚ ਧਰਮੀ ਠਹਿਰੇ (ਰੋਮੀਆਂ 3:23–26)।[25]

ਨਿਆਂ ਦੀ ਆਪਣੀ ਮੰਗ ਨੂੰ ਪੂਰਾ ਕਰਨਾ ਖ਼ੁਦਾ ਦੀ ਯੋਜਨਾ ਦਾ ਖ਼ੁਦਾਈ ਪਹਿਲੂ ਸੀ, ਪਰ ਯਿਸੂ ਨੂੰ ਮਨੁੱਖੀ ਪੱਖ ਦਾ ਵੀ ਪੂਰੀ ਤਰ੍ਹਾਂ ਨਾਲ ਪਤਾ ਹੋਣਾ ਜ਼ਰੂਰੀ ਸੀ (2:17, 18)। ਆਇਤ 10 ਭਾਵੇਂ ਇਹ ਐਲਾਨ ਕਰਦੀ ਹੈ ਕਿ ਮੁਕਤੀਦਾਤਾ ਦੁੱਖ ਝੱਲੇ ਬਿਨਾਂ ਸਿੱਧ ਨਹੀਂ ਹੋ ਸਕਦਾ ਸੀ ਪਰ ਅਗਲੀ ਆਇਤ ਵਿਖਾਉਂਦੀ ਹੈ ਕਿ ਆਪਣੇ ਦੇਹਧਾਰੀ ਹੋਏ ਬਿਨਾਂ ਸਾਡੇ ਮੁਕਤੀਦਾਤਾ ਲਈ ਇਹ ਅੰਸਭਵ ਹੋਣਾ ਸੀ। ਹੁਣ ਉਹ ਪੂਰੀ ਤਰ੍ਹਾਂ ਨਾਲ ਸਾਡੇ ਨਾਲ ਦਯਾ ਕਰ ਸਕਦਾ ਹੈ ਕਿਉਂਕਿ ਉਹ ਪੂਰੀ ਤਰ੍ਹਾਂ ਨਾਲ ਦੁੱਖ ਝੱਲਣ ਵਿਚ ਸਾਡਾ ਸਾਂਝੀ ਹੋਇਆ।

**ਆਇਤ 11.** ਯਾਜਕ ਦੇ ਤੌਰ ਤੇ ਸੇਵਾ ਕਰਨ ਵਾਲੇ ਲਈ ਲੋਕਾਂ ਨੂੰ ਸਮਝਣ ਲਈ ਉਨ੍ਹਾਂ ਵਿਚ ਹੋਣਾ ਜ਼ਰੂਰੀ ਸੀ। NASB ਵਿਚ **ਸੱਭੇ ਇੱਕੋ ਤੋਂ ਹੀ ਹਨ**, NIV ਵਿਚ ''ਇੱਕੋ ਹੀ ਪਰਿਵਾਰ ਵਿੱਚੋਂ ਹਨ,'' ਅਤੇ NEB ਵਿਚ ''ਇੱਕੋ ਕੁੱਲ ਤੋਂ ਹਨ'' ਹੈ।[26] ਵਿਆਖਿਆ ਦੇ ਅਧੀਨ ਸ਼ੁੱਧ ਕੀਤੇ ਜਾਣ ਦੀ ਪ੍ਰਕਿਰਿਆ ਨਾਲ ਪਵਿੱਤਰ ਕੀਤੇ ਜਾਣ ਵਾਲਾ ਮਨੁੱਖ ਲੋਕਾਂ ਲਈ ਕੰਮ ਕਰਦਾ ਸੀ ਅਤੇ ਉਨ੍ਹਾਂ ਵਿੱਚੋਂ ਹੁੰਦਾ ਸੀ। ਇਹ ਵਚਨ ਬੇਸ਼ੱਕ ਯਿਸੂ ਦੀ ਗੱਲ ਕਰਦਾ ਹੈ ਜਿਹੜਾ **ਪਵਿੱਤਰ ਕਰਦਾ ਹੈ**। ਇਹ ਇਕ ਤੱਥ ਹੈ ਬੇਸ਼ੱਕ ਉਸ ਨੇ ਪਿਤਾ ਕੋਲੋਂ ਸਚਿਆਈ ਦੇ ਰਾਹੀਂ ਰਸੂਲਾਂ ਨੂੰ ਪਵਿੱਤਰ ਕਰਨ ਦੀ ਦੁਆ ਕੀਤੀ (ਯੂਹੰਨਾ 17:17)। ਪੁਰਾਣੇ ਨੇਮ ਦੇ ਅਧੀਨ ਖ਼ੁਦਾ ਆਪਣੇ ਚੁਣੇ ਹੋਏ ਲੋਕਾਂ ਨੂੰ ਪਵਿੱਤਰ ਕਰਦਾ ਸੀ (ਕੂਚ 31:13; ਲੇਵੀਆਂ ਦੀ ਪੋਥੀ 20:8; 22:32; ਹਿਜ਼ਕੀਏਲ 37:28)। ਇੱਥੇ ਜ਼ੋਰ ਮਸੀਹ ਦੇ ਉੱਤੇ ਹੈ ਕਿਉਂਕਿ ਸਾਨੂੰ ਓਸੇ ਦੇ ਲਹੂ ਦੇ ਰਾਹੀਂ ਪਵਿੱਤਰ ਕੀਤਾ ਜਾਂਦਾ ਹੈ (ਵੇਖੋ ਇਬਰਾਨੀਆਂ

10:29)। ਯਿਸੂ ਨੇ ਆਪਣਾ ਭਰੋਸਾ ਪਿਤਾ ਵਿਚ ਰੱਖਿਆ (ਆਇਤ 13)।

''ਪਵਿੱਤਰ'' (*hagiazō*) ਦੀ ਵਰਤੋਂ ਨਵੇਂ ਨੇਮ ਵਿਚ ਦੋ ਅਰਥਾਂ ਵਿਚ ਹੋਈ ਹੈ: ''ਸ਼ੁੱਧ, ਪਵਿੱਤਰ ਕਰਨਾ ਜਾਂ ਪਵਿੱਤਰ ਬਣਨਾ'' ਅਤੇ ''ਕਿਸੇ ਪਵਿੱਤਰ ਵਰਤੋਂ ਲਈ ਦੇਣਾ ਜਾਂ ਆਮ ਤੋਂ ਵੱਖ ਕਰਨਾ।'' ਆਮ ਪਰਿਭਾਸ਼ਾ ''ਵੱਖ ਕਰਨਾ'' ਹੈ ਅਤੇ ਇਸ ਦਾ ਮੂਲ ਅਰਥ ਸਿਰਫ਼ ''ਵੱਖ ਹੋਣਾ'' ਹੈ। ਸ਼ਬਦ ਦਾ ਨਾਉਂ ਰੂਪ *hagios* ਹੈ ਜਿਸ ਦਾ ਅਰਥ ''ਸੰਤ'' ਹੈ। ਇਬਰਾਨੀਆਂ 10:10 ''ਯਿਸੂ ਮਸੀਹ ਦੀ ਦੇਹੀ ਦੇ ਇੱਕੋ ਵਾਰ ਚੜ੍ਹਾਏ ਜਾਣ ਦੇ ਰਾਹੀਂ''ਸਾਡੇ ਪਵਿੱਤਰ ਕੀਤੇ ਜਾਣ ਦੀ ਗੱਲ ਕਰਦਾ ਹੈ। ਉਸ ਦੀ ਮੌਤ ਦੇ ਰਾਹੀਂ ਸਾਨੂੰ ਖ਼ੁਦਾ ਦੀ ਬੰਦਗੀ ਅਤੇ ਸੇਵਾ ਕਰਨ ਲਈ ਵੱਖ ਕੀਤਾ ਜਾਂਦਾ ਹੈ। ਉਸ ਦੇ ''ਪਵਿੱਤਰ'' ਲੋਕ ਹੋਣ ਦੇ ਕਾਰਣ ਅਸੀਂ ਇਕ ਦਿਨ ਉਸ ਦੀ ਮਹਿਮਾ ਵਿਚ ਵੜਾਂਗੇ।

''ਪਵਿੱਤਰ'' ਕੀਤੇ ਜਾਣ ਜਾਂ ਵੱਖ ਕੀਤੇ ਜਾਣ ਦਾ ਅਰਥ ਸਿਰਫ਼ ਇਹ ਹੈ ਕਿ ਅਸੀਂ ਮਸੀਹ ਦੇ ਵਾਂਗ ਬਣੀਏ ਅਤੇ ਮਹਿਮਾ ਦੇ ਆਪਣੇ ਰਾਹ ਨੂੰ ਪਾਉਣ ਲਈ ਉਸ ਦੇ ਨਮੂਨੇ ਦਾ ਪਾਲਣ ਕਰੀਏ। ਬਰੂਸ ਨੇ ਆਖਿਆ ਹੈ, ''ਪਵਿੱਤਰ ਕੀਤਾ ਜਾਣਾ ਮਹਿਮਾ ਦੀ ਸ਼ੁਰੂਆਤ ਹੈ ਅਤੇ ਮਹਿਮਾ ਪਵਿੱਤਰ ਕੀਤੇ ਜਾਣ ਦਾ ਪੂਰਾ ਹੋਣਾ ਹੈ।''[27] ਹਰ ਮੁਮਕਿਨ ਢੰਗ ਨਾਲ ਸਾਨੂੰ ਮਸੀਹ ਦੇ ਨਾਲ **ਇੱਕੋ** ਹੋਣਾ ਹੈ, ਜਿਸ ਨੇ ਸਾਡੇ ਸੁਭਾਅ ਵਿਚ ਸਾਂਝੀ ਹੋਣ ਵਿਚ ਸਾਡੇ ਵਾਂਗ ਮੌਤ ਦਾ ਸਾਹਮਣਾ ਕਰਨ ਲਈ ਆਪਣੇ ਆਪ ਨੂੰ ਦੇ ਦਿੱਤਾ। ਫ਼ਿਲਿੱਪੁਸ ਦੇ ਅਨੁਵਾਦ ਵਿਚ ਆਖਿਆ ਗਿਆ ਹੈ ਕਿ ਪਵਿੱਤਰ ਕੀਤੇ ਜਾਣ ਵਾਲੇ ਅਤੇ ਪਵਿੱਤਰ ਕਰਨ ਵਾਲੇ ''ਵਿਚ ਇਕ ਸਮਾਨ ਮਨੁੱਖਤਾ ਦੀ ਸਾਂਝ ਹੈ।'' ਇਸ ਗੱਲ ਨਾਲੋਂ ਵੱਧ ਨਿਰਾਕਾਰਵਾਦੀ (ਕਿ ਯਿਸੂ ਸਿਰਫ਼ ਮਨੁੱਖ ਹੋਣ ਲਈ ਪ੍ਰਗਟ ਹੋਇਆ ਜਾਂ ਅਜਿਹਾ *ਲੱਗਾ*; ਆਇਤ 14 ਤੇ ਚਰਚਾ ਵੇਖੋ) ਵਿਚਾਰ ਦਾ ਖੰਡਨ ਕੋਈ ਹੋਰ ਗੱਲ ਨਹੀਂ ਕਰ ਸਕਦੀ।

ਵਚਨ ਦੇਣ ਵਿਚ ਜੋ ਪਵਿੱਤਰ ਕਰਦਾ ਜਾਂ ''ਬਣਾਉਂਦਾ'' ਅਤੇ ''ਸਰਬੱਤ ਪਵਿੱਤਰ ਕੀਤਿਆਂ ਹੋਇਆ ਵਿਚ ਅਧਿਕਾਰ ਦੇ ਸੱਕਦਾ ਹੈ'' (ਰਸੂਲਾਂ ਦੇ ਕੰਮ 20:32) ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਨੇ ਸਹਿਯੋਗ ਦਿੱਤਾ। ਆਇਤ 11 ਵਿਚ ਇਹ ਸੰਕੇਤ ਦਿੰਦੇ ਹੋਏ ਕਿ ਯਿਸੂ ਇਸ ਕੰਮ ਨੂੰ ਲਗਾਤਾਰ ਕਰਦਾ ਰਹਿੰਦਾ ਹੈ ''ਪਵਿੱਤਰ ਕੀਤੇ ਜਾਂਦੇ'' ਸ਼ਬਦ ਵਰਤਮਾਨ ਕ੍ਰਿਦੰਤ ਹੈ।

ਸਾਡੇ ਨਾਲ ਆਪਣੀ ਨਜ਼ਦੀਕੀ ਅਤੇ ਏਕਤਾ ਦੇ ਕਾਰਣ ਮਸੀਹ ਸਾਨੂੰ ਭਰਾ ਆਖਣ ਤੋਂ ਨਹੀਂ ਸ਼ਰਮਾਉਂਦਾ। ਅਸੀਂ ਕਲੀਸੀਆ ਦੇ ਹਰ ਮੈਂਬਰ (ਜਿਸ ਵਿਚ ''ਭੈਣਾਂ'' ਵੀ ਹਨ) ਅਤੇ ਅਸੀਂ ਪ੍ਰਭੂ ਦੇ ਨਾਲ ਭਰਾ ਹਾਂ (ਮੱਤੀ 12:50; ਰੋਮੀਆਂ 8:29; ਇਬਰਾਨੀਆਂ 2:17)। ਕਲੀਸੀਆ ਦਾ ਭਾਗ ਹੋਣ ਦੇ ਕਾਰਣ ਅਸੀਂ ਮਸੀਹ ਦਾ ਭਾਗ ਵੀ ਹਾਂ। ਮਸੀਹੀ ਹੋ ਕੇ ਅਸੀਂ ਮਸੀਹ ਦੀ ਨੁਮਾਇੰਦਗੀ ਕਰਦੇ ਹਾਂ, ਭਾਵ ਅਸੀਂ ਪ੍ਰਤੀਕਾਤਮਕ ਅਰਥ ਵਿਚ ਅੱਜ ਸੰਸਾਰ ਵਿਚ ਮਸੀਹੀ ਬਣ ਜਾਂਦੇ ਹਨ। ਇਸ ਨਾਲ ਇਹ ਸਮਝਣ ਵਿਚ ਮਦਦ ਮਿਲਦੀ ਹੈ ਕਿ ਮਸੀਹ ਪੌਲੁਸ ਨੂੰ ਉਵੇਂ ਬਣਦਾ ਵੇਖਿਆ ਕਿ ਉਹ ਉਸ ਨੂੰ ਸਤਾ ਰਿਹਾ ਸੀ (ਰਸੂਲਾਂ ਦੇ ਕੰਮ 9:4)। ਪਤੀ ਅਤੇ ਪਤਨੀ ਦੀ ਨਜ਼ਦੀਕੀ ਮਸੀਹ ਅਤੇ ਉਸ ਦੀ ਕਲੀਸੀਆ ਦਾ ਨਮੂਨਾ ਹੈ (ਅਫ਼ਸੀਆਂ 5:22–30)। ਮਸੀਹ ਅਤੇ ਆਪਣੀ ''ਸੰਤਾਨ'' ਲਈ ਖ਼ੁਦਾ ਦੀ ਇੱਛਾ ਇਕ ਪਰਿਵਾਰ ਅਤੇ ਇਕ ਸੁਭਾਅ ਵਿਚ ਇਕ ਬਣ ਜਾਣ ਦੀ ਹੈ। ਇਸ ਲਈ ਮਸੀਹ ਲਈ ਮਰਨ ਤਕ ਜਾਣਾ ਜ਼ਰੂਰੀ ਸੀ। ਇਸ ਲਈ ਅਸੀਂ ਮਸੀਹ ਭਾਈ ਦੀ ਗੱਲ ਕਰਕੇ, ਸਹੀ ਕਰ ਸਕਦੇ ਹਾਂ, ਭਾਵੇਂ ਨਵੇਂ ਨੇਮ ਵਿਚ ਸਾਨੂੰ ਇਸ ਇਜ਼ਹਾਰ ਦੀ ਵਰਤੋਂ ਦਾ ਕੋਈ ਉਦਾਹਰਣ ਨਹੀਂ ਮਿਲਦਾ। ਐਨੇਂ ਪਵਿੱਤਰ ਅਤੇ ਸ਼ੁੱਧ ਮਨੁੱਖ ਨੂੰ ਸਾਡੇ ਤੋਂ ਸ਼ਰਮਿੰਦਾ ਹੋਣ ਦਾ ਹਰ ਅਧਿਕਾਰ ਹੋਣਾ ਸੀ ਪਰ ਉਹ ਸਾਡੇ ਤੋਂ ਸ਼ਰਮਿੰਦਾ ਨਹੀਂ ਹੁੰਦਾ। ਜਿਹੜਾ ਆਪਣੇ ਭਰਾ ਨਾਲ ਪ੍ਰੇਮ ਕਰਦਾ ਹੈ ਉਹ ਉਸ ਦੀਆਂ ਕਮੀਆਂ ਜਾਂ ਮੁਸ਼ਕਿਲਾਂ ਦੇ ਬਾਵਜੂਦ ਉਸ ਤੋਂ ਕਦੇ ਸ਼ਰਮਿੰਦਾ ਨਹੀਂ ਹੁੰਦਾ।

**ਆਇਤ 12.** ਇਸ ਆਇਤ ਵਿਚ ਜ਼ਬੂਰ 22:22 ਦੀ ਉਦਾਹਰਣ ਹੈ, ਜਿਹੜਾ ਮਸੀਹ ਦੇ ਆਪਣੀ ਕਲੀਸੀਆ ਦੇ ਨਾਲ ਇਸ ਨਜ਼ਦੀਕੀ ਨੂੰ ਸਮਝਾਉਂਦਾ ਹੈ। ਇਬਰਾਨੀਆਂ ਦੀ ਕਿਤਾਬ ਦੇ

ਲਿਖੇ ਜਾਣ ਤਕ ਹਰ ਮਸੀਹੀ, ਯਕੀਨਨ ਹੀ ਹਰ ਇਬਰਾਨੀ ਮਸੀਹੀ ਨੂੰ ਪਤਾ ਹੋਵੇਗਾ ਕਿ ਜ਼ਬੂਰ 22 ਮਸੀਹਾ ਨਾਲ ਸਬੰਧਿਤ ਜ਼ਬੂਰ ਹੈ ਕਿਉਂਕਿ ਯਿਸੂ ਨੇ ਸਲੀਬ ਉੱਤੇ ਇਸ ਨੂੰ ਦੁਹਰਾਇਆ ਸੀ। ਜ਼ਬੂਰ 22:1 ਨੂੰ ਮੱਤੀ 27:46 ਅਤੇ ਮਰਕੁਸ 15:34 ਵਿਚ ਦੁਹਰਾਇਆ ਗਿਆ ਹੈ। ਜ਼ਬੂਰ 22:1, 8, 15, 16, ਅਤੇ 18 ਸਾਰਿਆਂ ਨੂੰ ਨਵੇਂ ਨੇਮ ਵਿਚ ਦੁਹਰਾਇਆ ਗਿਆ ਹੈ। ਜ਼ਬੂਰ ਵਿਚ ਬੋਲਣ ਵਾਲਾ ਮਸੀਹ ਸੀ, ਜਿਹੜਾ ਆਤਮਾ ਵਿਚ ਦਾਊਦ ਦੇ ਰਾਹੀਂ ਗੱਲ ਕਰਦਾ ਸੀ (ਵੇਖੋ 1 ਪਤਰਸ 1:11)। ਪਰ ਜ਼ਬੂਰ ਦੀਆਂ ਕੁਝ ਗੱਲਾਂ ਸਿਰਫ਼ ਦਾਊਦ ਲਈ ਹੀ ਲਾਗੂ ਹੁੰਦੀਆਂ ਸਨ। ਉਦਾਹਰਣ ਲਈ ''ਮੈਂ ਕੀੜਾ ਹਾਂ, ਮੈਂ ਮਨੁੱਖ ਨਹੀਂ ਹਾਂ'' (ਜ਼ਬੂਰ 22:6) ਦੀ ਗੱਲ ਯਿਸੂ ਲਈ ਲਾਗੂ ਨਹੀਂ ਹੋ ਸਕਦੀ। ਬਿਨਾਂ ਇਹ ਜਾਣੇ ਕਿ ਉਹ ਲੋਕ ਨਬੂਵਤ ਨੂੰ ਪੂਰਾ ਕਰ ਰਹੇ ਸਨ, ਸਲੀਬ ਦੇ ਨੇੜੇ ਤੇੜੇ ਖੜ੍ਹੇ ਅਤੇ ਯਿਸੂ ਨੂੰ ਮਜ਼ਾਕ ਕਰਨ ਵਾਲੇ ਨੇ ਜ਼ਬੂਰ 22:8 ਦੇ ਵਿਚਾਰ ਨੂੰ ਬੋਲ ਦਿੱਤਾ: ''ਯਹੋਵਾਹ ਗੋਚਰਾ ਹੋ ਜਾ, ਉਹੋ ਉਸ ਨੂੰ ਛੁਡਾਵੇ, ਉਹੋ ਉਸ ਨੂੰ ਬਚਾਵੇ ਕਿਉਂ ਜੋ ਉਹ ਉਸ ਤੋਂ ਪਰਸੰਨ ਹੈ'' (ਵੇਖੋ ਮੱਤੀ 27:43)। ਸਾਫ਼–ਸਾਫ਼ ਕਹੀਏ ਤਾਂ ਜ਼ਬੂਰ 22:13–18 ਦੀ ਭਾਸ਼ਾ ਦਾਊਦ ਦੇ ਇਲਾਵਾ ਯਿਸੂ ਉੱਤੇ ਜ਼ਿਆਦਾ ਲਾਗੂ ਹੁੰਦੀ ਹੈ।[28]

ਮਸੀਹ ਨੂੰ **ਕਲੀਸੀਆ ਵਿਚ** ਖ਼ੁਦਾ ਦੇ **ਨਾਮ** ਨੂੰ **ਸੁਣਾ***[ਉਂਦੇ]* ਅਤੇ **ਉਸਤਤ** ਕਰਦੇ ਹੋਏ ਵਿਖਾਇਆ ਗਿਆ ਹੈ। ਅਨੁਵਾਦ ਹੋਇਆ ਸ਼ਬਦ ''ਕਲੀਸੀਆ (*ekklēsia*) ਹੈ।'' ਇਹ ਵਚਨ ਇਕ ਸਵਾਲ ਖੜਾ ਕਰਦਾ ਹੈ ਕਿ ''ਯਿਸੂ ਨੇ ਕਲੀਸੀਆ ਦੇ ਵਿਚ ਕਦ ਉਸਤਤ ਕੀਤੀ?'' (ਆਇਤ 12)। ਉਸ ਦੇ ਗਾਉਣ ਦਾ ਸਾਡੇ ਕੋਲ ਸਿਰਫ਼ ਇੱਕੋ ਉਦਾਹਰਣ ਹੈ (ਮੱਤੀ 26:30), ਭਾਵੇਂ ਉਸ ਨੇ ਬੰਦਗੀ ਦੀਆਂ ਸਭਾਵਾਂ ਵਿਚ ਕਈ ਵਾਰ ਗਾਇਆ ਹੋ ਸਕਦਾ ਹੈ। ਪਰ ਓਥੇ ਉਸ ਦਾ ਅਰਥ ਇਹ ਹੈ ਕਿ ਆਪਣੇ ਭਾਈਆਂ ਦੇ ਨਾਲ ਗਾਉਂਦਾ ਰਿਹਾ ਹੈ! ਇਸ ਕਥਨ ਦਾ ਸਹੀ ਅਨੁਵਾਦ ''ਕਲੀਸੀਆ ਦੇ ਵਿਚ'' (KJV) ਜਿਸ ਦਾ ਅਰਥ ਇਹ ਹੈ ਕਿ ਕੁਝ ਅਰਥਾਂ ਵਿਚ ਯਿਸੂ ਅੱਜ ਸਾਡੇ ਨਾਲ ਗਾਉਂਦਾ ਹੈ।[29] ਉਹ ਆਪਣੇ ਆਤਮਾ ਵਿਚ ਸਾਡੇ ਨਾਲ ਤਦ ਵੀ ਗਾਉਂਦਾ ਹੋ ਸਕਦਾ ਹੈ ਜਦ ਅਸੀਂ ਉਸ ਦੇ ਭਰਾਵਾਂ ਦੇ ਤੌਰ ਤੇ ਬੰਦਗੀ ਵਿਚ ਗਾ ਰਹੇ ਹੁੰਦੇ ਹਾਂ (ਮੱਤੀ 18:20; 28:20)।

''ਕਲੀਸੀਆ'' ਉਸ ਦੇ ਭਾਈਆਂ ਦੀ ਸਭਾ ਨੂੰ ਆਖਿਆ ਗਿਆ ਹੈ, ਪਰ ਇਸ ਸ਼ਬਦ ਦਾ ਪਹਿਲੀ ਸਦੀ ਵਿਚ ਇਕ ਇਕ ਆਮ ਦੁਨਿਆਵੀ ਅਰਥ ਵੀ ਸੀ (ਵੇਖੋ ਰਸੂਲਾਂ ਦੇ ਕੰਮ 19:41)। ਯਿਸੂ ਮੱਤੀ 26:30 ਵਿਚ ਇਕ ਸਭਾ ਵਿਚ ਆਪਣੇ ਰਸੂਲਾਂ ਦੇ ਨਾਲ ਸੀ ਪਰ ਅਜੇ ਇਹ ਉਹ ਕਲੀਸੀਆ ਨਹੀਂ ਸੀ ਜਿਸ ਨੂੰ ਉਸ ਨੇ ਆਪਣੇ ਲਹੂ ਨਾਲ ਖ਼ਰੀਦਣਾ ਸੀ (ਰਸੂਲਾਂ ਦੇ ਕੰਮ 20:28; ASV)। ਪਰ ਇਬਰਾਨੀਆਂ ਦੀ ਕਿਤਾਬ ਲਿਖੇ ਜਾਣ ਤਕ ***ekklēsia*** ਸ਼ਬਦ ਇੱਕਦਮ ਯਿਸੂ ਦੀ ਕਲੀਸੀਆ ਲਈ ਵਰਤਿਆ ਜਾਣ ਲੱਗਾ।

ਆਪਣੇ ਭਾਈਆਂ ਦੇ ਨਾਲ ਇਸ ਗਾਉਣ ਦਾ ਅਰਥ ਮਸੀਹੀ ਲੋਕਾਂ ਦੇ ਨਾਲ ਹੁਣ ਉਸ ਦੇ ਰੂਹਾਨੀ ਤੌਰ ਤੇ ਗਾਉਣਾ ਹੈ। ਇਸ ਤੱਥ ਨੂੰ ਰਾਜ ਵਿਚ ਹੁਣ ਸਾਡੇ ਨਾਲ ਪ੍ਰਭੂ ਭੋਜ ਵਿਚ ਉਸ ਦੇ ਭਾਗ ਲੈਣ ਨਾਲ ਮਿਲਾਇਆ ਜਾ ਸਕਦਾ ਹੈ (ਮੱਤੀ 26:29)।

**ਆਇਤ 13. ''ਮੈਂ ਉਸ ਉੱਤੇ ਭਰੋਸਾ ਰੱਖਾਂਗਾ''** ਯਸਾਯਾਹ 8:17 ਅਤੇ 2 ਸਮੂਏਲ 22:3 ਦੇ LXX ਅਨੁਵਾਦ ਤੋਂ ਲਿਆ ਗਿਆ ਸੀ (ਜ਼ਬੂਰ 18:2 ਵੀ ਵੇਖੋ)। ਯਸਾਯਾਹ 8:17, 18 ਨੂੰ ਆਮ ਤੌਰ ਤੇ ''ਠੋਕਰ ਦਾ ਪੱਥਰ'' (ਯਸਾਯਾਹ 8:14) ਮਸੀਹ ਲਈ ਵਰਤਿਆ ਜਾਂਦਾ ਸੀ।[30] ਸੁਝਾਅ ਦਿੱਤਾ ਜਾ ਸਕਦਾ ਹੈ ਕਿ ਧਰਤੀ ਉੱਤੇ ਰਹਿੰਦੇ ਵਕਤ ਯਿਸੂ ਪੂਰੀ ਤਰ੍ਹਾਂ ਨਾਲ ਮਨੁੱਖ ਹੋਣ ਦੀ ਹਾਲਤ ਵਿਚ ਸੀ ਜਿਵੇਂ ਯਸਾਯਾਹ ਸੀ। ਅਤੇ ਇਸ ਕਾਰਣ ਉਸ ਨੂੰ ਖ਼ੁਦਾ ਵਿਚ ਭਰੋਸਾ ਰੱਖਣਾ ਜ਼ਰੂਰੀ ਸੀ। ਪਰ ਮੱਤੀ 27:43 ਵਿਚ ਤਾਨੇ ਦੀ ਵਰਤੋਂ ਕੀਤੀ ਗਈ ਜਦ ਭੀੜ ਨੇ ਇਹ ਕਹਿੰਦੇ ਹੋਏ ਯਿਸੂ ਨੂੰ ਦੁਹਰਾਇਆ, ''ਮੈਂ ਪਰਮੇਸ਼ੁਰ ਦਾ ਪੁੱਤਰ ਹਾਂ।'' ਫੇਰ ਵੀ ਸਲੀਬ ਉੱਤੇ ਇਹ ਸਾਡੇ ਪ੍ਰਭੂ ਦੇ ਦਿਲ

ਦਾ ਅਸਲੀ ਇਜ਼ਹਾਰ ਸੀ। ਸਰੀਰ ਵਿਚ ਰਹਿੰਦੇ ਹੋਏ ਉਸ ਲਈ ''ਖ਼ੁਦਾ ਉੱਤੇ ਪੂਰੀ ਨਿਰਭਰਤਾ ਵਿਚ ਉਨ੍ਹਾਂ ਹੱਦਾਂ ਦੇ ਅੰਦਰ ਰਹਿਣਾ'' ਜ਼ਰੂਰੀ ਸੀ। ਖ਼ੁਦਾ ਦੇ ਲੋਕਾਂ ਦਾ ਜਿਹੜਾ ਨਵਾਂ ਸਮੂਹ ਉਸ ਨੇ ਬਣਾਇਆ ਸੀ ਉਨ੍ਹਾਂ ਨੇ ਵੀ ਓਹੀ ਕਰਨਾ ਸੀ।[31]

ਪਿਤਾ ਦੇ ਯਿਸੂ ਦੇ ਸੰਪੂਰਣ ਭਰੋਸੇ ਨੂੰ ਜ਼ਬੂਰ 16:8–11 ਵਿਚ ਦਾਊਦ ਦੇ ਸ਼ਬਦਾਂ ਵਿਚ ਦੱਸਿਆ ਗਿਆ ਹੈ: ''ਮੈਂ ਸਦਾ ਹੀ ਯਹੋਵਾਹ ਨੂੰ ਆਪਣੇ ਅੱਗੇ ਰੱਖਿਆ ਹੈ, ਉਹ ਮੇਰੇ ਸੱਜੇ ਪਾਸੇ ਹੋ ਹੈ ਇਸ ਲਈ ਮੈਂ ਨਾ ਡੋਲਾਂਗਾ।'' ਇਸ ਵਚਨ ਨੂੰ ਪਿੰਤੇਕੁਸਤ ਵਾਲੇ ਦਿਨ ਪਤਰਸ ਦੇ ਸੰਦੇਸ਼ ਵਿਚ ਰਸੂਲਾਂ ਦੇ ਕੰਮ 2:25–28 ਵਿਚ ਦੁਹਰਾਇਆ ਗਿਆ ਹੈ। ਇਹ ਭਰੋਸਾ ਪੂਰੀ ਤਰ੍ਹਾਂ ਨਾਲ ਸਲੀਬ ਦੇ ਉੱਤੇ ਵਿਖਾਇਆ ਗਿਆ ਸੀ ਜਦ ਯਿਸੂ ਨੇ ਆਪਣੀ ਆਤਮਾ ਖ਼ੁਦਾ ਨੂੰ ਸੌਂਪ ਦਿੱਤੀ ਸੀ (ਲੂਕਾ 23:46)। ਇੱਥੇ ਜ਼ੋਰ ਫੇਰ ਤੋਂ ਮਸੀਹ ਦੇ ਮਨੁੱਖ ਹੋਣ ਤੇ ਹੈ।

ਯਸਾਯਾਹ 8:18 ਤੋਂ ਦੁਹਰਾਉਂਦੇ ਹੋਏ ਲੇਖਕ ਨੇ ਆਖਿਆ, ''ਅਤੇ ਫੇਰ, ਮੈਂ ਅਤੇ ਓਹ ਬੱਚੇ ਜਿਹੜੇ ਪਰਮੇਸ਼ੁਰ ਨੇ ਸਾਨੂੰ ਬਖ਼ਸ਼ੇ।'' ਇਹ ਭਵਿੱਖਬਾਣੀ ਦੀ ਦੋਹਰੀ ਪ੍ਰਸੰਗਿਕਤਾ ਦਾ ਇਕ ਹੋਰ ਮਾਮਲਾ ਹੈ ਕਿਉਂਕਿ ਸਹੀ ਤੌਰ ਤੇ ਇਹ ਪਹਿਲਾਂ ਯਸਾਯਾਹ ਦੇ ਬੱਚਿਆਂ ਦੀ ਗੱਲ ਸੀ।[32] ਜਿਸ ਤਰ੍ਹਾਂ ਨਾਲ ਦਾਊਦ ਦੀ ਪੰਗਤੀ ਵਿਚ ਹਰ ਰਾਜਾ ਮਸੀਹ ਦੇ ਅਹੁਦੇ ਨੂੰ ਵਿਖਾਉਂਦਾ ਸੀ ਓਸੇ ਤਰ੍ਹਾਂ ਨਾਲ ਹਰ ਅਸਲੀ ਨਬੀ ਮਸੀਹ ਦੀ ਨਬੂਵਤ ਵਾਲੇ ਪਦ ਨੂੰ ਵਿਖਾਉਂਦਾ ਸੀ।

ਮਸੀਹ ਦੇ ''ਬਾਲਕ'' ਜਾਂ ''ਬੱਚੇ'' ਹੋਣਾ ਨਵੇਂ ਨੇਮ ਵਿਚ ਇਬਰਾਨੀਆਂ ਦੀ ਕਿਤਾਬ ਵਿਚ ਖ਼ਾਸ ਵਰਤੋਂ ਹੈ। ਯਸਾਯਾਹ 53 ਨੇ ਆਖਿਆ ਹੈ ਕਿ ਦੁਖੀ ਸੇਵਕ ਦੀ ਕੋਈ ''ਪੀੜ੍ਹੀ'' (ਆਇਤ 8) ਨਹੀਂ ਹੋਣੀ ਸੀ। ਪਰ ਨਬੀ ਨੇ ਅੱਗੇ ਆਖਿਆ ਕਿ ਉਹ ਆਪਣਾ ''ਆਪਣੀ ਅੰਸ ਨੂੰ ਵੇਖੇਗਾ'' (ਆਇਤ 10)। ਆਪਣੀ ਮੌਤ, ਜੀ ਉੱਠਣ ਅਤੇ ਉੱਤੇ ਚੁੱਕ ਲਏ ਜਾਣ ਦੇ ਵਕਤ ਨਾਲ ਮਸੀਹ ਨੇ ਕਲੀਸੀਆ ਵਿਚ ਆਪਣੀ ਸੰਤਾਨ ਨੂੰ ਵੇਖਿਆ ਹੈ। ਜਿਹੜੇ ਲੋਕ ''ਬਾਲਕ'' ਜਾਂ ''ਸੰਤਾਨ'' ਬਣ ਗਏ ਹਨ ਉਨ੍ਹਾਂ ਨੂੰ ਮਸੀਹ ਦੇ ਨਾਲ ਖ਼ੁਦਾ ਵਿਚ ਭਰੋਸਾ ਰੱਖਣਾ ਚਾਹੀਦਾ ਹੈ। ਮਸੀਹ ਖ਼ੁਦਾ ਨਾਲ ਉਸ ਦੇ ਬੱਚਿਆਂ ਦੀਆਂ ਗੱਲਾਂ ਕਰਦਾ ਰਹਿੰਦਾ ਹੈ। ਉਹ ਸੁਰਗ ਵਿਚ ਸਾਡੇ ਵਿਚੋਲੇ ਦੇ ਤੌਰ ਤੇ ਪਿਤਾ ਦੇ ਅੱਗੇ ਸਾਡੀ ਨੁਮਾਇੰਦਗੀ ਕਰਦਾ ਹੈ (ਇਬਰਾਨੀਆਂ 7:25) ਅਤੇ ਅਸੀਂ ਧਰਤੀ ਉੱਤੇ ਉਸ ਦੀ ਨੁਮਾਇੰਦਗੀ ਕਰਦੇ ਹਾਂ।

ਜਿਸ ਢੰਗ ਨਾਲ ਪੁਰਾਣੇ ਨੇਮ ਦੇ ਹਵਾਲਿਆਂ ਦੀ ਵਰਤੋਂ ਇਬਰਾਨੀਆਂ ਵਿਚ ਕੀਤੀ ਗਈ ਹੈ ਉਹ ਉਨ੍ਹਾਂ ਦੇ ਅਸਲੀ ਸੰਦਰਭ ਤੋਂ ਕੱਢਦਾ ਨਹੀਂ ਹੈ, ਕਿਉਂਕਿ ਉਹ ਪੂਰੀ ਤਰ੍ਹਾਂ ਨਾਲ ਪਵਿੱਤਰ ਲਿਖਤ ਦੇ ਵੱਡੇ ਸੰਦਰਭਾਂ ਨਾਲ ਮੇਲ ਖਾਂਦੇ ਹਨ। ਇਬਰਾਨੀ ਮਸੀਹੀ ਲੋਕਾਂ ਦੇ ਨਾਂਅ ਜਿਹੜੇ ਪੁਰਾਣੇ ਨੇਮ ਤੋਂ ਚੰਗੀ ਤਰ੍ਹਾਂ ਵਾਕਫ਼ ਸਨ, ਲੇਖਕ ਨੂੰ ਪਵਿੱਤਰ ਲਿਖਤ ਦੀ ਵਰਤੋਂ ਬੜੇ ਧਿਆਨ ਨਾਲ ਇਸ ਤਰੀਕੇ ਨਾਲ ਕਰਨ ਦੀ ਲੋੜ ਸੀ ਜਿਸ ਨੂੰ ਉਸ ਦੇ ਯਹੂਦੀ ਭਾਈ ਮੰਨ ਲੈਣ। ਇਸ ਪਹਿਲੇ ਹਵਾਲਿਆਂ ਦੇ ਸਬੰਧ ਵਿਚ ਬਰੂਸ ਨੇ ਲਿਖਿਆ ਹੈ ਕਿ ਇਹ ''ਸੀ. ਐਚ. ਡੌਡ ਦੇ ਖੋਜਪੱਤਰ ਦਾ ਚੰਗਾ ਨਮੂਨਾ ਹੈ ਕਿ ਨਵੇਂ ਨੇਮ ਵਿਚ ਪੁਰਾਣੇ ਨੇਮ ਦੇ ਮੁੱਖ ਹਵਾਲੇ ਸਬੂਤ ਦੇ ਅਲਹਿਦਾ ਵਚਨ ਨਹੀਂ ਸਗੋਂ ਅਰਥ ਦੇ ਨਾਲ ਆਪਣੇ ਹਵਾਲੇ ਨੂੰ ਲੈ ਕੇ ਚੱਲਦੇ ਹਨ।''[33]

ਸਾਡੇ ਵਾਂਗ ਬਣ ਕੇ ਰਹਿਣ ਅਤੇ ਸਾਡੀ ਥਾਂ ਤੇ ਮੌਤ ਦਾ ਸੁਆਦ ਚੱਖਣ ਲਈ ਆਪਣੇ ਆਪ ਨੂੰ ਦੀਨ ਕਰਕੇ ਮਸੀਹ ਨੇ ਸਾਡੇ ਲਈ ਖ਼ੁਦਾ ਦੇ ਪੁੱਤਰਾਂ ਅਤੇ ਵਾਰਿਸਾਂ ਦੇ ਤੌਰ ਤੇ ਗੋਦ ਲਿਆ ਜਾਣਾ ਯਕੀਨੀ ਬਣਾ ਦਿੱਤਾ। ਮੌਤ ਉੱਤੇ ਫ਼ਤਹਿ ਪਾ ਕੇ ਉਸ ਨੇ ਅਨੰਤ ਜੀਉਣ ਨੂੰ ਸਾਡੀ ਪਹੁੰਚ ਵਿਚ ਕਰ ਦਿੱਤਾ। ਮਸੀਹੀ ਬਣਨ ਨਾਲ ਸਾਨੂੰ ਮਸੀਹ ਦੇ ਭਾਈ ਬਣਾਇਆ ਜਾਂਦਾ ਹੈ ਅਤੇ ਉਸ ਦੀ ਕਲੀਸੀਆ ਦੇ ਪਵਿੱਤਰ ਕੀਤੇ ਹੋਏ ਲੋਕ ਬਣਾਇਆ ਜਾਂਦਾ ਹੈ। ਆਓ ਅਸੀਂ ਪਿਤਾ ਵਿਚ ਪੂਰੇ ਭਰੋਸੇ ਲਈ ਉਸ ਦੇ ਨਮੂਨੇ ਨੂੰ ਮੰਨਦੇ ਹੋਏ ਉਸ ਲਈ ਜੀਉਣ ਨੂੰ ਧਾਰ ਲਈਏ ਜਿਹੜਾ ਸਾਡੇ ਲਈ ਮਰਨ ਨੂੰ ਤਿਆਰ ਸੀ।

## ਦੁੱਖ ਝੱਲਣ ਵਾਲੇ ਮਸੀਹ ਦਾ ਉੱਚਾ ਕੀਤਾ ਜਾਣਾ (2:14–18)

**2:14-16**

**[14]ਸੋ ਜਦ ਬਾਲਕ ਲਹੂ ਅਤੇ ਮਾਸ ਵਿਚ ਸਾਂਝੀ ਹੁੰਦੇ ਹਨ ਤਾਂ ਉਨ੍ਹਾਂ ਵਾਂਙੁ ਉਹ ਆਪ ਵੀ ਇਹਨਾਂ ਹੀ ਵਿਚ ਭਿਆਲ ਬਣਿਆ ਤਾਂ ਜੋ ਮੌਤ ਦੇ ਰਾਹੀਂ ਉਹ ਉਸ ਨੂੰ ਜਿਹ ਦੇ ਵੱਸ ਵਿਚ ਮੌਤ ਹੈ ਅਰਥਾਤ ਸ਼ੈਤਾਨ ਨੂੰ ਨਾਸ ਕਰੇ। [15]ਅਤੇ ਉਨ੍ਹਾਂ ਨੂੰ ਜਿਹੜੇ ਮੌਤ ਦੇ ਡਰ ਤੋਂ ਸਾਰੀ ਉਮਰ ਗੁਲਾਮੀ ਵਿਚ ਫਸੇ ਹੋਏ ਸਨ ਛੁਡਾਵੇ। [16]ਕਿਉਂ ਜੋ ਉਹ ਦੂਤਾਂ ਦੀ ਤਾਂ ਸਹਾਇਤਾ ਨਹੀਂ ਸਗੋਂ ਅਬਰਾਹਾਮ ਦੀ ਅੰਸ ਦੀ ਸਹਾਇਤਾ ਕਰਦਾ ਹੈ।**

ਯਿਸੂ ਦੇ ਵਿਸ਼ੇ ਵਿਚ ਪੁੱਛੇ ਜਾਣ ਵਾਲੇ ਸਭ ਤੋਂ ਵੱਡੇ ਸਵਾਲਾਂ ਵਿੱਚੋਂ ਇਕ ਇਹ ਹੈ ਕਿ ਯਿਸੂ ਮਨੁੱਖ ਕਿਉਂ ਬਣਿਆ? 2:14–18 ਵਿਚ ਇਸ ਸਵਾਲ ਦੇ ਤਿੰਨ ਦਿਲ ਨੂੰ ਛੂਹਣ ਵਾਲੇ ਜਵਾਬ ਮਿਲਦੇ ਹਨ।

**ਆਇਤ 14.** ਖ਼ੁਦਾ ਦੀ ਇੱਛਾ ਸੀ ਕਿ ਮਸੀਹ ਅਤੇ ਉਸ ਦੇ **ਬਾਲਕ** ਇਕ ਪਰਿਵਾਰ ਬਣ ਜਾਣ ਅਤੇ ਸੁਭਾਅ ਵਿਚ ਸਾਂਝੀ ਹੋਣ, ਇਸ ਕਾਰਣ ਮਸੀਹ ਲਈ ਮੌਤ ਤਕ ਮਨੁੱਖੀ ਜੀਵਨ ਦਾ ਅਨੁਭਵ ਹੋਣਾ ਜ਼ਰੂਰੀ ਸੀ। ਉਸ ਨੇ ਪੂਰੀ ਤਰ੍ਹਾਂ ਨਾਲ ਸਾਡੇ ਵਰਗਾ ਬਣਨ ਲਈ ਮਨੁੱਖੀ ਸੁਭਾਅ ਨੂੰ ਅਪਣਾ ਲਿਆ। **ਸਾਂਝੀ** ''ਭਾਈਵਾਲ'' ਲਈ ਆਮ ਯੂਨਾਨੀ ਸ਼ਬਦ *koinōnia* ਤੋਂ ਲਿਆ ਗਿਆ ਹੈ।

NIV ਵਿਚ ਆਖਿਆ ਗਿਆ ਹੈ, ''ਕਿਉਂਕਿ ਬੱਚਿਆਂ ਵਿਚ ਮਾਸ ਅਤੇ ਲਹੂ ਹੁੰਦਾ ਹੈ ਇਸ ਲਈ ਉਨ੍ਹਾਂ ਵਿਚ ਵੀ ਉਨ੍ਹਾਂ ਦੇ ਮਨੁੱਖ ਹੋਣ ਦੀ ਸਾਂਝ ਕੀਤੀ ...।'' ''ਹੁੰਦਾ ਹੈ'' ਅਤੇ ''ਸਾਂਝ ਕੀਤੀ'' ਦੋਵੇਂ ਕਿਰਿਆਵਾਂ ਦੋ ਵੱਖ ਵੱਖ ਜ਼ੋਰਾਂ ਨੂੰ ਵਿਖਾਉਂਦੀ ਹੈ। ਪਹਿਲੀ ''ਮਨੁੱਖਜਾਤੀ ਦੇ ਅੰਤ ਤਕ ਮਨੁੱਖਾਂ ਵਿਚ ਸਾਂਝ ਹੋਣ ਦੀ ਕੁਦਰਤੀ ਚਿੰਤਾ ਕਰਦੀ ਹੈ।'' ਅਤੇ ਦੂਜੀ ''ਮਨੁੱਖ ਹੋਣ ਦੀ ਆਪਣੀ ਮਰਜ਼ੀ ਮੰਨਣ'' ਨੂੰ ਵਿਖਾਉਂਦੀ ਹੈ।[34] ਇਕ ਮੁਢਲੇ ''ਮਸੀਹੀ'' ਪਖੰਡ ਨਿਰਾਕਾਰਵਾਦ ਵਿਚ ਇਹ ਸਿਖਾਇਆ ਜਾਂਦਾ ਸੀ ਕਿ ਯਿਸੂ ਸਿਰਫ਼ ਮਨੁੱਖ ਹੋਣ ਲਈ *ਪਰਗਟ ਹੋਇਆ* ਅਤੇ ਅਸਲ ਵਿਚ ਮਾਸ ਅਤੇ ਲਹੂ ਵਿਚ ਸਾਂਝੀ ਨਹੀਂ ਹੋਇਆ। ਨਿਰਾਕਾਦਵਾਦ ਲਈ ਅੰਗ੍ਰੇਜ਼ੀ ਸ਼ਬਦ ''docetism'' ਯੂਨਾਨੀ ਭਾਸ਼ਾ ਦੇ ਸ਼ਬਦ *dokeō* ਤੋਂ ਨਿੱਕਲਿਆ ਹੈ ਜਿਸ ਦਾ ਅਰਥ ''ਲੱਗਣਾ।'' ਇਬਰਾਨੀਆਂ ਦੀ ਕਿਤਾਬ ਇਹ ਵਿਖਾਉਂਦੇ ਹੋਏ ਕਿ ਉਸ ਦੀ ਪਰੀਖਿਆ ਅਸਲੀ ਸੀ ਪੱਕੇ ਤੌਰ ਤੇ ਇਸ ਵਿਚਾਰ ਨੂੰ ਨਕਾਰਦੀ ਹੈ (4:14–16; 5:8)।

ਹੋ ਸਕਦਾ ਹੈ ਕਿ ਸਾਨੂੰ ਪਤਾ ਨਾ ਚੱਲੇ ਕਿ **ਮੌਤ ਦੇ ਰਾਹੀਂ** ਕੀ ਹੈ ਪਰ ਅਸੀਂ ਐਨਾਂ ਜਾਣਦੇ ਹਾਂ ਕਿ ਇਹ ਲੋਕਾਂ ਨੂੰ ਖ਼ੁਦਾ ਤੋਂ ਵੱਖ ਕਰਦੀ ਹੈ। ਸ਼ੈਤਾਨ ਨੇ ਪਾਪ ਲਈ ਭਰਮਾਇਆ ਅਤੇ ਪਾਪ ਤੋਂ ਮੌਤ ਆਉਂਦੀ ਹੈ (ਰੋਮੀਆਂ 6:23; ਅਫ਼ਸੀਆਂ 2:1)। ਜਦ ਅਸੀਂ ਪਾਪ ਕਰਦੇ ਹਾਂ ਤਾਂ ਰੂਹਾਨੀ ਤੌਰ ਤੇ ਅਸੀਂ ਮਰ ਜਾਂਦੇ ਹਾਂ, ਪਰ ਇਸ ਆਇਤ ਦੇ ਸੰਦਰਭ ਵਿਚ ਮੌਤ ਸਰੀਰਕ ਲਗਦੀ ਹੈ। ਸ਼ੈਤਾਨ ਹਨੇਰੇ ਅਤੇ ਮੌਤ ਦੇ ਇਲਾਕੇ ਦਾ ਰਾਜਾ ਹੈ (ਵੇਖੋ ਕੁਲੁੱਸੀਆਂ 1:13, 14)। ਸ਼ੈਤਾਨ ਦੀ ਹਾਰ ਯਿਸੂ ਦੇ ਜੀ ਉੱਠਣ ਦੇ ਰਾਹੀਂ ਹੋਈ, ਜਿਸ ਦਾ ਵਰਣਨ ਇਸ ਖ਼ਤ ਵਿਚ ਅਖ਼ੀਰਲੇ ਗੁਣਾਨੁਵਾਦ ਵਿਚ ਕੀਤਾ ਗਿਆ ਹੈ (13:20), ਭਾਵੇਂ ਇਸ ਦਾ ਸੰਕੇਤ 6:1, 2 ਵਿਚ ਹੈ।

ਸ਼ੈਤਾਨ ਦੀ ਇਸ ਸ਼ਕਤੀ ਨੂੰ ਨਾਸ ਕਰਨ ਦੇ ਇਸੇ ਮਕਸਦ ਲਈ ''ਸ਼ਬਦ ਦੇਹ ਧਾਰੀ ਹੋਇਆ'' (ਯੂਹੰਨਾ 1:14) ਅਨੁਵਾਦ ਹੋਏ ਸ਼ਬਦ **ਨਾਸ ਕਰੇ** *katargeō* ਦਾ ਅਰਥ ''ਮਿਟਾ ਦੇਣਾ'' ਹੈ, ਜਿਵੇਂ ਕਿ KJV ਦੇ ਅਨੁਵਾਦ ''ਨਾਸ ਕਰਨਾ'' ਤੋਂ ਸੁਝਾਅ ਮਿਲਦਾ ਹੈ। ਸਗੋਂ ਇਸ ਦਾ ਅਰਥ ''ਬੇਕਾਰ ਕਰ ਦੇਣਾ'' ਜਾਂ ''ਜ਼ੀਰੋ ਤੇ ਲੈ ਆਉਣਾ'' ਹੈ। ਸ਼ੈਤਾਨ ਦੀ ਸ਼ਕਤੀ ਲਈ ਯੂਹੰਨਾ ਨੇ ਇਹੀ ਆਖਿਆ। 1 ਯੂਹੰਨਾ 3:8 ਸਾਨੂੰ ਦੱਸਦਾ ਹੈ ਕਿ ''ਪਰਮੇਸ਼ੁਰ ਦਾ ਪੁੱਤਰ ਇਸੇ ਲਈ ਪਰਗਟ ਹੋਇਆ।

ਭਈ ਸ਼ੈਤਾਨ ਦੇ ਕੰਮਾਂ ਨੂੰ ਨਸ਼ਟ ਕਰੇ।'' ਸਿਰਫ਼ ਯਿਸੂ ਹੀ ਮੁਕੰਮਲ ਜ਼ਿੰਦਗੀ ਜੀਣ ਦੇ ਯੋਗ ਸੀ ਅਤੇ ਉਹੀ ਸ਼ੈਤਾਨ ਦੇ ਮਕਸਦ ਨੂੰ ਹਰਾ ਸਕਦਾ ਸੀ। ਉਸ ਨੇ ਆਪਣੇ ਜੀਵਨ ਅਤੇ ਖ਼ੁਦਾ ਦੇ ਵਚਨ ਦੀ ਸਮਰੱਥਾ ਦੇ ਰਾਹੀਂ ਸ਼ੈਤਾਨ ਨੂੰ ਬੰਨ੍ਹ ਦਿੱਤਾ (ਮੱਤੀ 4:1–11)। ਉਸ ਨੂੰ ਬਦਰੂਹਾਂ ਨੂੰ ਕੱਢਣ ਤੋਂ ਪਹਿਲਾਂ ਸ਼ੈਤਾਨ ਨੂੰ ਬੰਨਣਾ ਜ਼ਰੂਰੀ ਸੀ (ਮੱਤੀ 12:22–29)। ਸ਼ੈਤਾਨ ਦਾ ਅਖ਼ੀਰਲੀ ਵਾਰ ਕੱਢਿਆ ਜਾਣਾ ਵੀ ਬੰਨ੍ਹੇ ਜਾਣ ਦੇ ਤੌਰ ਤੇ ਵਿਖਾਇਆ ਗਿਆ ਹੈ। ਪ੍ਰਕਾਸ਼ ਦੀ ਪੋਥੀ 20:7–10 ਉਸ ਦਾ ਅਖ਼ੀਰਲੀ ਵਾਰ ਕੱਢਿਆ ਜਾਣਾ ਲਗਦਾ ਹੈ ਜਿਹੜਾ ਕਿ ਤਦ ਉਸ ਨਾਲ ''ਅੱਗ ਅਤੇ ਗੰਧਕ ਦੀ ਝੀਲ ਵਿਚ ਸੁੱਟਿਆ ਗਿਆ।''

ਬਹੁਤਾ ਵਿਰੋਧ ਇਸ ਗੱਲ ਤੇ ਹੈ ਕਿ ਯਿਸੂ ਨੇ ਮੌਤ ਲਈ ਆਪਣੇ ਆਪ ਨੂੰ ਸੰਵੇਦਨਸ਼ੀਲ ਬਣਾ ਦਿੱਤਾ ਤਾਂ ਜੋ ਉਹ ਉਸ ਤੇ ਫ਼ਤਹਿ ਪਾ ਸਕੇ।[35] ਸਿਰਫ਼ ਮਸੀਹ ਯਿਸੂ ਵਿਚ ਹੋਣ ਤੇ ਹੀ ਸਾਨੂੰ ਸ਼ੈਤਾਨ, ਮੌਤ ਅਤੇ ਸਲੀਬ ਦੇ ਉੱਤੇ ਫ਼ਤਹਿ ਮਿਲਦੀ ਹੈ (1 ਕੁਰਿੰਥੀਆਂ 15:55–58)।

**ਆਇਤ 15. ਮੌਤ ਦੇ ਡਰ** ਪ੍ਰਭਾਵਸ਼ਾਲੀ ਹੈ ਇਸ ਦੇ ਕਾਰਣ ਮਨੁੱਖ ਕਈ ਅਜਿਹੇ ਕੰਮ ਕਰੇਗਾ ਜਿਹੜੇ ਕਿਸੇ ਦੂਜੇ ਦੇ ਕਾਰਣ ਨਹੀਂ ਕਰ ਸਕਦਾ। ਵੱਡੇ ਨਿਹਚਾ ਵਾਲੇ ਕਈ ਸੂਰਵੀਰ ਆਤਮਾਵਾਂ ਅਪਮਾਨ ਤੋਂ ਪਹਿਲਾਂ ਮੌਤ ਨੂੰ ਅਪਣਾ ਲੈਣਗੇ। ਪਰ ਜ਼ਿਆਦਾਤਰ ਵਾਸਤੇ ''ਮੌਤ ਦਾ ਡਰ'' ਜ਼ਬਰਦਸਤ ਹਥਿਆਰ ਹੈ। ਜੇ ਮਸੀਹ ਨੇ ਸਾਡੇ ਅੰਦਰੋਂ ਇਸ ਨੂੰ ਕੱਢ ਦਿੱਤਾ ਤਾਂ ਕੋਈ ਵੀ ਸਾਨੂੰ ਡਰ ਜਾਂ ਮੌਤ ਦੀ ਧਮਕੀ ਨਾਲ ਬੁਰਿਆਈ ਕਰਨ ਲਈ ਸਾਨੂੰ ਅਸਾਨੀ ਨਾਲ ਧਮਕਾ ਨਹੀਂ ਸਕਦਾ।

**ਛੁਡਾਵੇ** ***apallaxēi*** ਹੈ ਜਿਸ ਦੀ ਵਰਤੋਂ ਸਿਰਫ਼ ਲੂਕਾ ਵੱਲੋਂ ਕਿਤੇ ਹੋਰ ਹੋਈ ਹੈ। ਲੂਕਾ 12:58 ਵਿਚ ਇਸ ਦਾ ਅਨੁਵਾਦ ''ਛੁੱਟਣ ਦਾ'' ਅਤੇ ਰਸੂਲਾਂ ਦੇ ਕੰਮ 19:12 ਵਿਚ ''ਨਿੱਕਲ'' ਹੋਇਆ ਹੈ। ਇਸ ਸ਼ਬਦ ਦਾ ਅਰਥ ''ਪਾਪ ਤੋਂ ਮੁਕਤ ਕਰਨਾ'' ਜਿਵੇਂ ''ਪ੍ਰਾਸਚਿਤ ਦੇ ਰਾਹੀਂ'' ਹੈ। ਜੇ ਕਿਸੇ ਦਾ ਨਿਹਚਾ ਐਨਾਂ ਮਜ਼ਬੂਤ ਹੈ ਕਿ ਉਹ ਮੌਤ ਦੇ ਭੈਅ ਤੇ ਫ਼ਤਹਿ ਪਾ ਲਵੇ ਤਾਂ ਉਸ ਨਾਲ ਉਸ ਨੂੰ ਮੁਕਤੀ ਦੁਆਉਣ ਵਾਲੇ ਨਿਹਚਾ ਦਾ ਵੱਡਾ ਭਰੋਸਾ ਮਿਲਦਾ ਹੈ। ਮਸੀਹ ਦੇ ਨਾਲ ਇਕ ਹੋ ਕੇ ਮੌਤ ਦੀ ਨਦੀ ਦੇ ਕੋਲ ਆਉਣ ਵਾਲੇ ਨੂੰ ਇਸ ਤੋਂ ਡਰਨ ਦੀ ਲੋੜ ਨਹੀਂ ਹੈ। ਅਸਲ ਵਿਚ ਕੋਈ ਮੌਤ ਰਹੇਗੀ ਹੀ ਨਹੀਂ: ''ਓਹ ਫੇਰ ਮਰ ਵੀ ਨਹੀਂ ਸੱਕਦੇ ਇਸ ਲਈ ਜੋ ਦੂਤਾਂ ਦੇ ਤੁੱਲ ਹਨ'' (ਲੂਕਾ 20:36)। ਮਾਰਟਿਨ ਲੂਥਰ ਨੇ ਆਖਿਆ ਹੈ, ''ਜਿਹੜਾ ਮੌਤ ਤੋਂ ਡਰਦਾ ਹੈ ਜਾਂ ਮਰਨ ਨੂੰ ਤਿਆਰ ਨਹੀਂ ਹੈ ਉਹ ਪੂਰੀ ਤਰ੍ਹਾਂ ਨਾਲ ਮਸੀਹ ਨਹੀਂ ਹੈ। ਇਹੀ ਕਾਰਣ ਹੈ ਕਿ ਅਜਿਹੇ ਲੋਕਾਂ ਦਾ ਜੀ ਉੱਠਣ ਵਿਚ ਨਿਹਚਾ ਘੱਟ ਹੁੰਦਾ ਹੈ ਅਤੇ ਉਹ ਇਸ ਜੀਵਨ ਨੂੰ ਆਉਣ ਵਾਲੇ ਜੀਵਨ ਤੋਂ ਬਹੁਤਾ ਪ੍ਰੇਮ ਕਰਦੇ ਹਨ।''[36]

ਕ੍ਰਿਸੋਸਟੋਮ ਨੇ ਆਪਣੇ ਵਕਤ ਦੇ ਮਸੀਹੀ ਜਨਾਜ਼ਿਆਂ ਵਿਚ ਵਿਖਾਏ ਜਾਣ ਵਾਲੇ ਤਿੱਖੇ ਜਨਤਕ ਵਿਰਲਾਪਾਂ ਦੀ ਅਲੋਚਨਾ ਕੀਤੀ:

> ਜਦ ਮੈਂ ਜਨਤਕ ਥਾਂਵਾਂ ਵਿਚ ਵਿਰਲਾਪ, ਇਸ ਜੀਵਨ ਤੋਂ ਵਿਦਾ ਹੋ ਚੁੱਕੇ ਲੋਕਾਂ ਤੇ ਚੀਕ–ਚਿੰਗਿਆੜਾਂ ਅਤੇ ਹੋਰ ਸੱਭ ਤਰ੍ਹਾਂ ਦੇ ਬੇਤੁਕੇ ਵਿਹਾਰ ਨੂੰ ਵੇਖਦਾ ਹਾਂ ਤਾਂ ਮੈਨੂੰ ਕਾਫ਼ਰਾਂ ਅਤੇ ਯਹੂਦੀਆਂ ਅਤੇ ਪਖੰਡੀਆਂ ਦੇ ਸਾਹਮਣੇ ਜੋ ਇਸ ਨੂੰ ਵੇਖਦੇ ਹਨ ਸ਼ਰਮ ਆਉਂਦੀ ਹੈ, ਅਤੇ ਅਸਲ ਵਿਚ ਉਨ੍ਹਾਂ ਸਾਰਿਆਂ ਦੇ ਸਾਹਮਣੇ ਜਿਹੜੇ ਮਜ਼ਾਕ ਲਈ ਸਾਡੇ ਉੱਤੇ ਇਸ ਕਾਰਣ ਹੱਸਦੇ ਹਨ …। ਖ਼ੁਦਾ ਸਾਨੂੰ ਦੱਸੇ ਕਿ ਆਪ ਇਸ ਜੀਵਨ ਤੋਂ ਬਿਨਾਂ ਕਿਸੇ ਚੀਕ ਚੰਗਿਆੜੇ ਦੇ ਵਿਦਾ ਹੋਈਏ![37]

ਉਸ ਦਾ ਮੰਨਣਾ ਸੀ ਕਿ ਕਿਸੇ ਪਿਆਰੇ ਦੀ ਮੌਤ ਉੱਤੇ ਦੁੱਖ ਨਾਲ ਭਰ ਕੇ ਰੋਣ ਨੂੰ ਵਿਖਾਉਣ ਨਾਲ ਲੋਕ ਬੇਵਿਸ਼ਵਾਸੇ ਹੋ ਜਾਂਦੇ ਹਨ।

ਐਲਬਰਟ ਬਾਰਨਸ ਨੇ ਦੋ ਕਾਰਣ ਸੁਝਾਏ ਕਿ ਖ਼ੁਦਾ ਨੇ ਮਨੁੱਖਜਾਤੀ ਲਈ ਮੌਤ ਦੇ ਭੈਅ ਦੀ

ਯੋਜਨਾ ਕਿਉਂ ਬਣਾਈ। ਪਹਿਲਾ, ਭੈਅ ਲੋਕਾਂ ਨੂੰ ਮੌਤ ਲਈ ਤਿਆਰ ਕਰਦਾ ਹੈ। ਜੇ ਸਾਨੂੰ ਮਰਨ ਦੀ ਕੋਈ ਚਿੰਤਾ ਹੀ ਨਾ ਹੁੰਦੀ ਤਾਂ ਅਸੀਂ ਯਕੀਨਨ ਹੀ ਤਿਆਰੀ ਨਹੀਂ ਕਰ ਸਕਦੇ। ਦੂਜਾ ਭੈਅ ਲੋਕਾਂ ਨੂੰ ਖ਼ੁਦਕੁਸ਼ੀ ਤੋਂ ਰੋਕਣਾ ਹੈ। ਨਿਰਾਸ਼ਾ ਵਿਚ ਮੌਤ ਦਾ ਭੈਅ ਨਾ ਰੱਖਣ ਵਾਲੇ ਲੋਕ ਆਪਣੀ ਜਾਨ ਲੈ ਸਕਦੇ ਹਨ।[38] ਬੇਈਮਾਨ ਅਤੇ ਆਗਿਆ ਨਾ ਮੰਨਣ ਵਾਲਿਆਂ ਨੂੰ ''ਦੂਈ ਮੌਤ'' ਦਾ ਭੈਅ ਹੁੰਦਾ ਹੈ (ਪ੍ਰਕਾਸ਼ ਦੀ ਪੋਥੀ 20:14, 15; 21:8)।

ਮਸੀਹੀ ਮਨੁੱਖ ਨੂੰ ਮੌਤ ਦਾ ਭੈਅ ਨਾ ਰੱਖਣ ਲਈ ਮਜ਼ਬੂਤ ਨਿਹਚਾ ਕਿਵੇਂ ਮਦਦ ਕਰਦਾ ਹੈ? ਪਹਿਲਾਂ ਤਾਂ ਇਹ ਉੱਤੇ ਇਕ ਘਰ ਦਾ ਭਰੋਸਾ ਦਿੰਦਾ ਹੈ (2 ਕੁਰਿੰਥੀਆਂ 5:1)। ਦੂਜਾ ਇਹ ਮੌਤ ਦੇ ਡੰਗ ਨੂੰ ਖ਼ਤਮ ਕਰ ਦਿੰਦਾ ਹੈ (1 ਕੁਰਿੰਥੀਆਂ 15:54, 55)। ਤੀਜਾ, ਇਹ ਅਨੰਤਕਾਲ ਵਿਚ ਨਿਹਚਾ ਦਿੰਦਾ ਹੈ ਜਿਹੜਾ ਧਰਤੀ ਦੀ ਇਸ ਜ਼ਿੰਦਗੀ ਤੋਂ ''ਬਹੁਤ ਹੀ ਉੱਤਮ ਹੈ'' (ਫ਼ਿਲਿੱਪੀਆਂ 1:22, 23)।

ਪੁਰਾਣੇ ਨੇਮ ਦੇ ਹੇਠ ਰਹਿੰਦੇ ਹੋਏ ਯਹੂਦੀ ਲੋਕ ਕਦੇ ਵੀ ਇਸ ਡਰ ਤੋਂ ਨਿੱਕਲੇ ਨਹੀਂ ਸਨ। *ਦ ਮਿਦ੍ਰਾਸ* ਵਿਚ ਆਖਿਆ ਗਿਆ ਸੀ: ''ਇਸ ਜ਼ਿੰਦਗੀ ਵਿਚ ਮੌਤ ਮਨੁੱਖ ਨੂੰ ਕਦੇ ਅਨੰਦ ਨਹੀਂ ਦਵੇਗੀ।''[39] ਯੂਨਾਨੀ ਨਾਟਕਕਾਰ ਯੂਰੀਪਾਈਡਜ਼ (ਲਗਭਗ 485–406 ਈ. ਪੂ.) ਨੇ ਲਿਖਿਆ ਹੈ ਕਿ ਕੋਈ ਵੀ ਮਨੁੱਖ ਅਸਲ ਵਿਚ ਗ਼ੁਲਾਮ ਨਹੀਂ ਹੋ ਸਕਦਾ ਜੇ ਉਸ ਨੂੰ ਮੌਤ ਦਾ ਡਰ ਨਾ ਹੋਵੇ।[40] ਯਿਸੂ ਨੇ ਆਪਣੇ ਜੀ ਉੱਠਣ ਦੇ ਨਾਲ ਸਾਰੀ ਮਨੁੱਖਜਾਤੀ ਨੂੰ ਅਜਿਹੀ ਗ਼ੁਲਾਮੀ ਤੋਂ ਉੱਠਾ ਲਿਆ। ਉਹ ਕਬਰ ਵਿੱਚੋਂ ਜੀ ਉੱਠਿਆ ਸੀ, ਇਸ ਕਰਕੇ ਅਸੀਂ ਜਾਣਦੇ ਹਾਂ ਕਿ ਅਸੀਂ ਵੀ ਜੀ ਉੱਠਾਂਗੇ!

**ਆਇਤ 16. ਕਿਉਂ ਜੋ ਉਹ ਦੂਤਾਂ ਦੀ ਤਾਂ ਸਹਾਇਤਾ ਨਹੀਂ** ਕਰਦਾ। ਮੂਲ ਵਿਚ ''ਉਹ ਦੂਤਾਂ ਨੂੰ ਨਹੀਂ ਫੜਦਾ'' ਹੈ। ਇਹ ਓਹੀ ਕਿਰਿਆ ਸ਼ਬਦ ਹੈ ਜਿਸ ਦੀ ਵਰਤੋਂ ਇਬਰਾਨੀਆਂ 8:9 ਵਿਚ ਹੋਈ ਹੈ ਜਿੱਥੇ ਖ਼ੁਦਾ ''*[ਇਸਰਾਏਲ]* ਦਾ ਹੱਥ ਫੜਿਆ ਭਈ ਉਨ੍ਹਾਂ ਨੂੰ ਮਿਸਰ ਦੇ ਵਿੱਚੋਂ ਬਾਹਰ ਲਿਆਵਾਂ'' (11:40)। ਉਹ ਮਦਦ ਕਰਨ ਦੇ ਵਿਚਾਰ ਨਾਲ ''ਫੜਿਆ'' ਹੈ। ਰਿਚਰਡ ਫ੍ਰਾਂਸਿਸ ਵੇਮਾਉਥ ਦਾ ਆਪਣੇ ਅਨੁਵਾਦ ਵਿਚ ਸਹੀ ਵਿਚਾਰ ਸੀ: ''ਅਸਲ ਵਿਚ ਉਹ ਲਗਾਤਾਰ ਮਦਦ ਕਰਨ ਵਾਲਾ ਹੱਥ ਫ਼ਰਿਸ਼ਤਿਆਂ ਤਕ ਨਹੀਂ ਸਗੋਂ ਅਬਰਾਹਾਮ ਦੀ ਸੰਤਾਨ ਤਕ ਪਹੁੰਚਾਉਂਦਾ ਹੈ।'' ਯਿਸੂ ਨੇ ਕਿਸ ਨੂੰ ''ਫੜਿਆ''? ਉਸ ਨੇ ਸਾਡੇ ''ਮਨੁੱਖੀ ਸੁਭਾਅ'' ਨੂੰ ਫੜਿਆ ''ਅਤੇ ਇਸ ਨੂੰ ਆਪਣਾ'' ਬਣਾ ਲਿਆ; ਇਸ ਲਈ ਫ਼ਿਲਿੱਪ ਏਜਕੁੰਬ ਹਿਯੂਜਸ ਨੇ ਇਸ ਨੂੰ ਮਸੀਹ ਦੇ ਦੇਹਧਾਰੀ ਹੋਣ ਤੇ ਇਕ ਮਜ਼ਬੂਤ ਵਚਨ ਮੰਨਿਆ।[41]

ਯਿਸੂ ਲੋਕਾਂ ਦੀ ਜਿਨ੍ਹਾਂ ਨੂੰ ਇੱਥੇ **ਅਬਰਾਹਾਮ ਦੀ ਅੰਸ** ਆਖਿਆ ਗਿਆ ਹੈ ਮਦਦ ਕਰਨ ਲਈ ਇਕ ਮਨੁੱਖ ਦੇ ਰੂਪ ਵਿਚ ਰਿਹਾ। ਇਹ ਇਜ਼ਹਾਰ ਸਿਰਫ਼ ਯਹੂਦੀਆਂ ਲਈ ਨਹੀਂ ਸਗੋਂ ਉਨ੍ਹਾਂ ਸਾਰਿਆਂ ਲਈ ਹੈ ਜਿਹੜੇ ਵਫ਼ਾਦਾਰ ਖ਼ੁਦਾ ਦੀ ਸੰਤਾਨ ਬਣਦੇ ਹਨ। ਪੁਰਾਣੇ ਨੇਮ ਦੇ ਅਧੀਨ ਵਫ਼ਾਦਾਰਾਂ ਨੂੰ ''ਸਾਡੇ ਬਿਨਾ'' ਸਿੱਧ ਨਹੀਂ ਕੀਤਾ ਗਿਆ ਸੀ (11:40), ਇਹ ਧਾਰਣਾ ਪੌਲੁਸ ਦੀ ਵੀ ਹੈ ਕਿਉਂਕਿ ਗਲਾਤੀਆਂ 3:7, 26–29 ਵਿਚ ''ਜਿਹੜੇ ਪਰਤੀਤ ਵਾਲੇ ਹਨ'' ਉਨ੍ਹਾਂ ਨੂੰ ''ਅਬਰਾਹਾਮ ਦੇ ਪੁੱਤਰ'' ਆਖਿਆ ਗਿਆ ਹੈ। ਪੌਲੁਸ ਵੱਲੋਂ ਜ਼ੋਰ ਦਿੱਤੀ ਗਈ ਮੁੱਖ ਸਚਿਆਈ ਇਹ ਹੈ ਕਿ ''ਨਿਹਚਾ ਕਰਨ ਕਰਕੇ ਤੁਸੀਂ ਸੱਭੇ ਪਰਮੇਸ਼ੁਰ ਦੇ ਪੁੱਤਰ ਹੋ'' ਜਿਨ੍ਹਾਂ ਨੇ ''ਮਸੀਹ ਵਿਚ ਬਪਤਿਸਮਾ ਲਿਆ'' ਹੈ (ਗਲਾਤੀਆਂ 3:26, 27)। ਸਾਰੇ ਮਸੀਹੀ ਲੋਕ ਈਮਾਨਦਾਰਾਂ ਦੇ ਪਿਤਾ ਅਬਰਾਹਾਮ ਦੀ ਰੂਹਾਨੀ ਅੰਸ ਹਨ।

ਆਇਤ 16 ਇਹ ਅਖ਼ੀਰਲੀ ਆਇਤ ਹੈ ਜਿਸ ਵਿਚ ਇਸ ਗੱਲ ਦੀ ਚਰਚਾ ਹੈ ਕਿ ਫ਼ਰਿਸ਼ਤੇ ਮਸੀਹ ਨਾਲੋਂ ਘੱਟ ਹਨ ਅਤੇ ਫ਼ਰਿਸ਼ਤਿਆਂ ਦੇ ਰਾਹੀਂ ਬਰਕਤਾਂ ਉਨ੍ਹਾਂ ਬਰਕਤਾਂ ਨਾਲੋਂ ਘੱਟ ਹਨ ਜਿਹੜੀਆਂ ਮਸੀਹ ਵਿਚ ਸਾਨੂੰ ਮਿਲਦੀਆਂ ਹਨ, ਭਾਵੇਂ 13:2 ਵਿਚ ਫੇਰ ਤੋਂ ਫ਼ਰਿਸ਼ਤਿਆਂ ਦੀ ਗੱਲ

ਕੀਤੀ ਗਈ ਹੈ। ਇਹ ਇਸ ਗੱਲ ਨੂੰ ਦੁਹਰਾਉਣ ਲਈ ਨਹੀਂ ਹੈ ਕਿ ਮਸੀਹ ਨੇ ਮਨੁੱਖੀ ਰੂਪ ਧਾਰਿਆ ਸਗੋਂ ਇਹ ਕਾਰਨ ਦੇਣ ਲਈ ਹੈ ਕਿ ਉਸ ਨੇ ਇੰਜ ਕਿਉਂ ਕੀਤਾ। ਉਸ ਨੂੰ ਫ਼ਰਿਸ਼ਤਿਆਂ ਦੀ ਮਦਦ ਕਰਨ ਦੀ ਪਰਵਾਹ ਨਹੀਂ ਸੀ ਅਤੇ ਨਾ ਹੀ ਉਹ ਫ਼ਰਿਸ਼ਤਿਆਂ ਨੂੰ ਛੁਡਾਉਣ ਲਈ ਆਇਆ, ਸਗੋਂ ਉਹ ਸਾਡੀ ਮਦਦ ਲਈ ਆਇਆ। ਉਨ੍ਹਾਂ ਨੂੰ ਸੁਰਗ ਦੀਆਂ ਸਭ ਸਹੂਲਤਾਂ ਹਨ ਇਸ ਲਈ ਸਾਨੂੰ ਲੱਗੇਗਾ ਕਿ ਫ਼ਰਿਸ਼ਤਿਆਂ ਨੂੰ ਉਸ ਦੀ ਮਦਦ ਦੀ ਕੋਈ ਲੋੜ ਨਹੀਂ ਹੈ। ਪਰ ਜੇ ਉਨ੍ਹਾਂ ਨੇ ਪਾਪ ਕੀਤਾ ਹੈ ਤਾਂ ਉਨ੍ਹਾਂ ਨੂੰ ਉਸ ਨਾਲੋਂ ਬਹੁਤੀ ਮਦਦ ਦੀ ਲੋੜ ਹੈ ਜਿਹੜਾ ਉਸ ਨੇ ਦੇਣ ਦੀ ਪੇਸ਼ਕਸ਼ ਕੀਤੀ ਹੈ (2 ਪਤਰਸ 2:4)। ਜਿਨ੍ਹਾਂ ਫ਼ਰਿਸ਼ਤਿਆਂ ਨੇ ਪਾਪ ਕੀਤਾ ਉਨ੍ਹਾਂ ਨੇ ਇਹ ਪੂਰੀ ਤਰ੍ਹਾਂ ਨਾਲ ਜਾਣਦੇ ਹੋਏ ਕੀਤਾ ਹੋਵੇਗਾ ਕਿ ਉਹ ਕੀ ਕਰ ਰਹੇ ਹਨ, ਜਦ ਕਿ ਮਨੁੱਖਾਂ ਦੇ ਨਾਲ ਧੋਖਾ ਹੋਇਆ ਸੀ। ਇਸ ਕਾਰਣ ਮਨੁੱਖੀ ਨਿਹਚਾ ਨੂੰ ਮਾਫ਼ੀ ਦੀ ਉਮੀਦ ਦੀ ਪੇਸ਼ਕਸ਼ ਕੀਤੀ ਗਈ ਹੈ। ''ਜੇ ਉਹ ਕੋਈ ਫ਼ਰਿਸ਼ਤਾ ਹੁੰਦਾ ..., ਤਾਂ ਯਿਸੂ ਨੇ ਦੂਤਾਂ ਦੀ ਮਦਦ ਕੀਤੀ ਹੁੰਦੀ; ਪਰ ਉਹ ਮਨੁੱਖਾਂ ਦੀ ਮਦਦ ਕਰਦਾ ਸੀ ਇਸ ਕਾਰਣ ਉਹ ਫ਼ਰਿਸ਼ਤਾ ਨਹੀਂ ਹੋ ਸਕਦਾ ਸੀ।''[42]

**2:17, 18**

**[17]ਇਸ ਕਾਰਨ ਚਾਹੀਦਾ ਸੀ ਭਈ ਉਹ ਸਭਨੀਂ ਗੱਲੀਂ ਆਪਣੇ ਭਾਈਆਂ ਵਰਗਾ ਬਣੇ ਤਾਂ ਜੋ ਉਹ ਉਨ੍ਹਾਂ ਗੱਲਾਂ ਦੇ ਵਿਖੇ ਜਿਹੜੀਆਂ ਪਰਮੇਸ਼ੁਰ ਨਾਲ ਸਰਬੰਧ ਰੱਖਦੀਆਂ ਹਨ ਲੋਕਾਂ ਦੇ ਪਾਪਾਂ ਦਾ ਪਰਾਸਚਿਤ ਕਰਨ ਨੂੰ ਦਿਆਲੂ ਅਤੇ ਮਾਤਬਰ ਪ੍ਰਧਾਨ ਜਾਜਕ ਹੋਵੇ। [18]ਕਿਉਂਕਿ ਜਦੋਂ ਉਸ ਨੇ ਆਪ ਹੀ ਪਰਤਾਵੇ ਵਿਚ ਪੈ ਕੇ ਦੁਖ ਝੱਲਿਆ ਤਾਂ ਉਹ ਉਨ੍ਹਾਂ ਦੀ ਜਿਹੜੇ ਪਰਾਤਵੇ ਵਿਚ ਪੈਂਦੇ ਹਨ ਸਹਾਇਤਾ ਕਰ ਸੱਕਦਾ ਹੈ।**

**ਆਇਤ 17.** ਮਸੀਹ ਲਈ ਅਬਰਾਹਾਮ ਦੀ ਸੰਤਾਨ ਦੀ ਮਦਦ ਕਰਨ ਲਈ **ਚਾਹੀਦਾ ਸੀ ਭਈ ਸਾਡੇ ਵਰਗਾ ਬਣੇ**। ਉਹ **ਸਭਨੀਂ ਗੱਲੀਂ** (''ਹਰ ਤਰ੍ਹਾਂ ਨਾਲ''; NRSV) ਸਾਡੇ ਵਰਗਾ ਬਣ ਗਿਆ। ਉਸ ਨੇ ਹਰ ਤਰ੍ਹਾਂ ਨਾਲ, ਜਿਵੇਂ ਅਸੀਂ ਦੁੱਖ ਝੱਲਦੇ ਹਾਂ ਦੁੱਖ ਝੱਲਿਆ (4:14, 15)। ਉਨ੍ਹਾਂ ਪਰੀਖਿਆਵਾਂ ਤੇ ਧਿਆਨ ਦਿਓ ਜਿਨ੍ਹਾਂ ਦਾ ਉਸ ਨੇ ਸਾਹਮਣਾ ਕੀਤਾ: ਗ਼ਰੀਬੀ ਦੀ ਪਰੀਖਿਆ, ਨਾਲ ਦੇ ਮਨੁੱਖਾਂ ਵੱਲੋਂ, ਇੱਥੋਂ ਤਕ ਕਿ ਆਪਣੇ ਭਰਾਵਾਂ ਅਤੇ ਮਾਤਾ ਵੱਲੋਂ ਪਰੀਖਿਆ; ਆਪਣੇ ਦੋਸਤਾ ਵੱਲੋਂ ਚੰਗੀ ਇੱਛਾ ਨਾਲ ਕੀਤੀ ਗਈ ਬੇਨਤੀ; ਸ਼ੈਤਾਨ ਦੀ ਪਰੀਖਿਆ; ਉਹ ਪਰੀਖਿਆਵਾਂ ਜਿਹੜੀਆਂ ਸਰੀਰਕ ਦੁੱਖ ਤੋਂ ਆਈਆਂ ਅਤੇ ਖ਼ੁਦਾ ਦੁਆਰਾ ਤਿਆਗ ਦਿੱਤੇ ਜਾਣ ਦੀ ਪਰੀਖਿਆ। ਤੁਲਨਾ ਕਰਦੇ ਹੋਏ ਅਸਾਂ ਨੇ ਪਰੀਖਿਆ ਦੇ ਕਾਲੇ ਸਮੁੰਦਰ ਦੀ ਸਤ੍ਹਾ ਨੂੰ ਹੀ ਵੇਖਿਆ ਹੈ। ਯਿਸੂ ਇਸ ਦੀਆਂ ਗਹਿਰਾਈਆਂ ਵਿਚ ਡੁੱਬ ਗਿਆ ਹੈ। ਉਹ ਸੱਭ ਕੁਝ ਜਾਣਦਾ ਸੀ। ਉਹ ਸਾਡੀਆਂ ਜ਼ਿੰਦਗੀਆਂ ਵਿੱਚੋਂ ਸ਼ੈਤਾਨ ਨੂੰ ਝਿੜਕ ਦਿੰਦਾ ਹੈ।''[43] ਦੁੱਖ ਝੱਲਣ ਦੇ ਬਾਅਦ ਉਹ ਸਚਮੁਚ ਵਿਚ ਸਾਡੇ ਨਾਲ ਹਮਦਰਦੀ ਕਰਦਾ ਹੈ; ਉਹ ਸਿੱਧ ਵਿਚੋਲਾ ਹੈ। ਉਸ ਨੇ ਇਹ ਸਭ ਸਾਡਾ **ਦਿਆਲੂ ਅਤੇ ਮਾਤਬਰ ਪ੍ਰਧਾਨ ਜਾਜਕ** ਬਣਨ ਲਈ ਕੀਤਾ।

ਪਵਿੱਤਰ ਲਿਖਤ ਵਿਚ ਮਸੀਹ ਲਈ ਸਿੱਧੇ ਤੌਰ ਤੇ ਇੱਥੇ ਪਹਿਲੀ ਵਾਰ ''ਪ੍ਰਧਾਨ ਜਾਜਕ'' ਯਹੂਦੀ ਮਹਾਯਾਜਕਾਈ ਇਸ ਕਿਤਾਬ ਦੇ ਲਿਖੇ ਜਾਣ ਦੇ ਸਮੇਂ ਵੀ ਮਸੀਹ ਦੀ ਭੂਮਿਕਾ ਦੇ ਜ਼ਬਰਦਸਤ ਜ਼ੋਰ ਅਤੇ ਮਹੱਤਵ ਦੇ ਹੋਣ ਲਈ ਮੌਜੂਦ ਹੋਵੇਗੀ। ਯਹੂਦੀ ਮਤ ਵਿਚ ਉਸ ਸਜੀਵ ਪ੍ਰਭਾਵਸਾਲੀ ਸਥਿਤੀ ਦੀ ਅਕਰਸ਼ਣ ਕੁਝ ਲੋਕਾਂ ਨੂੰ ਪੁਰਾਣੀ ਨੇਮ ਵੱਲ ਖਿੱਚਦੇ ਰਹਿੰਦੇ ਹੋਣਗੇ।

ਸਾਡੇ ਮਹਾਯਾਜਕ ਦੇ ਤੌਰ ਤੇ ਸੇਵਾ ਕਰਨ ਦਾ ਮਸੀਹ ਦਾ ਪੂਰਾ ਕੰਮ **ਲੋਕਾਂ ਦੇ ਪਾਪਾਂ ਦਾ ਪਰਾਸਚਿਤ** ਕਰਨ ਦਾ ਸੀ। ''ਪਰਾਸਚਿਤ'' ''ਮੇਲ'' (KJV) ਜਾਂ ''ਪਰਾਸਚਿਤ'' (NIV) ਹੈ। ਯਹੂਦੀ ਮਹਾਯਾਜਕ ਉਸ ਕੁਰਬਾਨੀ ਦੇ ਰਾਹੀਂ ਜਿਹੜਾ ਉਸ ਵਿਚ ਦਿੱਤਾ ਗਿਆ ਹੁੰਦਾ ਸੀ, ਸੰਕੇਤਿਕ

ਕਾਰਜ ਦੇ ਰਾਹੀਂ ਜਾਂਦਾ ਸੀ, ਪਰ ਉਸ ਦਾ ਕੰਮ ਅਸਲ ਵਿਚ ਪਾਪ ਨੂੰ ਮਿਟਾਉਣਾ ਨਹੀਂ ਹੋ ਸਕਦਾ ਸੀ। ਉਸ ਦੀ ਕਿਰਿਆ ਵਧੇਰੇ ਰਸਮੀ ਸੀ। ਜਿਵੇਂ ਪਵਿੱਤਰ ਵਸਤਾਂ ਨੂੰ ਪਾਉਣਾ, ਹਾਰੂਨ ਦਾ ਵਾਰਿਸ ਹੋਣਾ ਅਤੇ ਪਹਿਲੀ ਸਦੀ ਵਿਚ, ਦੇਸ ਦੇ ਨਿਆਂ ਦੇ ਮਾਮਲਿਆਂ ਵਿਚ ਭਾਗ ਲੈਣਾ, ਇਹ ਸੱਭ ਮਸੀਹ ਦੇ ਉਸ ਨਾਲੋਂ ਵੱਡੇ ਕੰਮ ਦੀ ਪਹਿਲਾਂ ਦੇ ਖ਼ਿਆਲ ਹੀ ਸਨ।

''ਪਰਾਸਚਿਤ'' ਦਾ ਅਨੁਵਾਦ *hilaskomai* ਤੋਂ ਹੋਇਆ ਹੈ। ਯੂਨਾਨੀਆਂ ਵੱਲੋਂ ਇਸ ਸ਼ਬਦ ਦੀ ਵਰਤੋਂ ਇਹ ਵਿਖਾਉਣ ਲਈ ਕੀਤੀ ਜਾਂਦੀ ਸੀ ਕਿ ਉਹ ਕਿਵੇਂ ਆਪਣੇ ਦੇਵਤਿਆਂ ਦੇ ਕਹਿਰ ਤੋਂ ਬਚਣ ਦੀ ਕੋਸ਼ਿਸ਼ ਕਰਦੇ ਸਨ– ਇਕ ਅਜਿਹਾ ਵਿਚਾਰ ਜਿਹੜਾ ਨਵੇਂ ਨੇਮ ਤੋਂ ਬਾਹਰ ਦਾ ਹੈ। LXX ਵਿਚ ਨੇਮ ਦੇ ਸੰਦੂਕ ਦੇ ਢੱਕਣ ਭਾਵ ''ਪਰਾਸਚਿਤ ਦੇ ਸਰਪੋਸ਼'' ਜਿਸ ਉੱਤੇ ਪਰਾਸਚਿਤ ਦੇ ਦਿਨ ਪਾਪ ਬਲੀ ਦਾ ਲਹੂ ਛਿੜਕਿਆ ਜਾਂਦਾ ਸੀ ਲਈ ਵਰਤਿਆ ਗਿਆ ਹੈ (ਕੂਚ 25:16–22)। ਖ਼ੁਦਾ ਮਸੀਹ ਦੀ ਮੌਤ ਵਿਚ ਆਪਣੀ ਹੀ ਸ਼ਰਤਾਂ ਨੂੰ ਪੂਰਾ ਕਰ ਰਿਹਾ ਸੀ।[44] ਉਸ ਦੇ ਦੁੱਖ ਝੱਲਣ ਦਾ ਵਿਚਾਰ ਪ੍ਰਭਾਵਸ਼ਾਲੀ ਢੰਗ ਨਾਲ ਫ਼ਿਲਿੱਪਸ ਦੇ ਅਨੁਵਾਦ ਵਿਚ ਵਿਖਾਇਆ ਗਿਆ ਹੈ: ''ਪਰੀਖਿਆ ਦੇ ਅਧੀਨ ਉਸ ਦੇ ਆਪਣੇ ਹੀ ਦੁੱਖ ਝੱਲਣ ਦੇ ਗੁਣਾਂ ਦੇ ਰਾਹੀਂ ...।''

ਸਾਲ ਵਿਚ ਇਕ ਵਾਰ ਮਹਾਯਾਜਕ ਲੋਕਾਂ ਦੇ ਪਾਪਾਂ ਲਈ ਪਰਾਸਚਿਤ ਕਰਨ ਲਈ ਪਵਿੱਤਰ ਥਾਂ ਵਿਚ ਜਾਂਦਾ ਸੀ। ਆਖਿਆ ਜਾਂਦਾ ਹੈ ਕਿ ਪਹਿਲੀ ਸਦੀ ਵਿਚ ਪਵਿੱਤਰ ਨਾਂਅ ''ਯਾਹਵੇਹ'' ਸਿਰਫ਼ ਯੋਮ ਕਿਪੁਰ (ਪਰਾਸਚਿਤ ਦੇ ਦਿਨ) ਤੇ ਬੋਲਿਆ ਜਾਂਦਾ ਸੀ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਇਸ ਦਾ ਸਹੀ ਉੱਚਾਰਣ ਗੁਆਚ ਚੁੱਕਿਆ ਹੈ। ''ਯਹੋਵਾਹ'' ਨਾਮ ਸਿਰਫ਼ ਮਿਸ਼ਰਿਤ ਸ਼ਬਦ ਹੈ ਜਿਸ ਨੂੰ ਆਮ ਤੌਰ ਤੇ ਸਹੀ ਉੱਚਾਰਣ ਦੇ ਤੌਰ ਤੇ ਮੰਨਿਆ ਨਹੀਂ ਜਾ ਸਕਦਾ।

ਇਸ ਖ਼ਤ ਦਾ ਮੁੱਖ ਮਕਸਦ ਇਹ ਵਿਖਾਉਣਾ ਸੀ ਕਿ ਯਹੂਦੀ ਮਹਾਯਾਜਕ ਯਿਸੂ ਨਾਲੋਂ ਘੱਟ ਸੀ ਪਰ ਸੀ ਉਹ ਦੇ ਵਰਗਾ ਹੀ, ਜਿਸ ਨੇ ਸਾਡੇ ਲਈ ਛੁਟਕਾਰਾ ਮੁਹੱਈਆ ਕਰਵਾਇਆ। ਮਸੀਹ ਵਿਚ ਅਸੀਂ ''ਪਰਮੇਸ਼ੁਰ ਦਾ ਧਰਮ ਬਣ'' ਜਾਂਦੇ ਹਾਂ (2 ਕੁਰਿੰਥੀਆਂ 5:18–21)। ਪਾਪਾਂ ਦੇ ਪਰਾਸਚਿਤ ਦੇ ਵਸੀਲੇ ਦੇ ਤੌਰ ਤੇ ਉਸ ਦਾ ਦੇਹਧਾਰੀ ਹੋਣਾ ਜ਼ਰੂਰੀ ਸੀ।[45] ਇਸ ਲਈ ਮਨੁੱਖਾਂ ਵਿੱਚੋਂ ਕਿਸੇ ਮਹਾਯਾਜਕ ਦੇ ਰਾਹੀਂ ਦਿੱਤੇ ਜਾ ਸਕਣ ਵਾਲੇ ਪਾਪ ਦੇ ਪਰਾਸਚਿਤ ਲਈ ਵੱਡੀ ਕੁਰਬਾਨੀ ਦੀ ਲੋੜ ਸੀ।

ਜਦ ਤਕ ਅਸੀਂ ਜੋ ਕੁਝ ਕੀਤਾ ਹੋਵੇ ਉਸ ਲਈ ਸ਼ਰਮਿੰਦਾ ਹੋਣ ਲਈ ਮਾਫ਼ੀ ਨਹੀਂ ਪਾਉਂਦੇ ਹਾਂ, ਜਦ ਤਕ ਉਸ ਦਾ ਜਿਹੜਾ ਯਿਸੂ ਨੇ ਕੀਤਾ ਹੈ ਪ੍ਰਭਾਵ ਸਾਨੂੰ ਓਵੇਂ ਪ੍ਰਭਾਵਿਤ ਨਹੀਂ ਕਰ ਸਕਦਾ, ਜਿਵੇਂ ਇਸ ਨੂੰ ਕਰਨਾ ਚਾਹੀਦਾ ਹੈ। ਭਾਵੇਂ ਮਸੀਹ ਸਾਡੇ ਲਈ ਮਰੇ ਬਿਨਾਂ ਸਾਡੀ ਹਾਲਤ ਨੂੰ ਸਮਝ ਸਕਦਾ ਸੀ ਪਰ ਸਾਨੂੰ ਉਸ ਦੇ ਆਏ ਬਿਨਾਂ ਸਾਡੇ ਲਈ ਉਸ ਦੀ ਦਯਾ ਵਿਚ ਵਿਸ਼ਵਾਸ ਕਰਨਾ ਮੁਸ਼ਕਿਲ ਹੋਣਾ ਸੀ। ''ਇਕ ਤਸਵੀਰ ਹਜ਼ਾਰ ਸ਼ਬਦਾਂ ਤੋਂ ਜ਼ਿਆਦਾ ਕਹਿ ਦਿੰਦੀ ਹੈ; ਪਰ ਇਕ ਪ੍ਰਗਟਾਵਾ 10,000 ਸ਼ਬਦਾਂ ਤੋਂ ਜ਼ਿਆਦਾ ਕਹਿ ਦਿੰਦਾ ਹੈ। ਇਸ ਲਈ ਯਿਸੂ ਨੂੰ ਧਰਤੀ ਤੇ ਆਉਣਾ ਪਿਆ।''[46] ਉਸ ਨੇ ਸਾਡੀਆਂ ਸਭ ਤਕਲੀਫ਼ਾਂ ਨੂੰ ਲੈ ਕੇ ਆਪਣੇ ਪ੍ਰੇਮ ਨੂੰ ਵਿਖਾਇਆ। ਇਸ ਲਈ ਉਸ ਨੂੰ ਪਤਾ ਹੈ ਕਿ ਜਦ ਅਸੀਂ ਪਰੀਖਿਆ ਵਿਚ ਪੈਂਦੇ ਹਾਂ ਤਾਂ ਅਸੀਂ ਕਿਵੇਂ ਮਦਦ ਮੰਗਣੀ ਹੈ। ਉਸ ਦੇ ਕੋਲ ਮਦਦ ਕਰਨ ਲਈ ਹੋਰ ਵੀ ਤਰੀਕੇ ਅਤੇ ਸ਼ਕਤੀ ਹੋ ਸਕਦੀ ਹੈ, ਪਰ ਹੁਣ ਉਹ ਸਾਡੇ ਲਈ ਦਯਾ ਦੇ ਨਾਲ ਵੱਧੀਆ ਢੰਗ ਨਾਲ ਯੋਗ ਹੈ।

**ਆਇਤ 18.** ''ਸਹਾਇਤਾ ਕਰ ਸੱਕਦਾ ਹੈ'' ਲਈ ਸ਼ਬਦ *boētheō* ਦਾ ਅਰਥ ''ਲੋੜ ਪੈਣ ਤੇ ਮਦਦ ਲਿਆਉਣਾ'' ਹੋ ਸਕਦਾ ਹੈ।[47] ''ਵਫ਼ਾਦਾਰ'' ''ਮਹਾਯਾਜਕ'' ਨੂੰ ''ਫ਼ਸੇ ਹੋਏ'' ਸ਼ਬਦ ਆਖਿਆ ਗਿਆ ਹੈ, ਜਿਹੜੇ ਇਨ੍ਹਾਂ ਆਇਤਾਂ ਨੂੰ 3:1, 2 ਵਿਚ ਅਗਲੀਆਂ ਆਇਤਾਂ ਨਾਲ ਜੋੜਦੇ ਹਨ।[48]

ਮਸੀਹ ਉਨ੍ਹਾਂ ਦੀ ਮਦਦ ਕਰਦਾ ਹੈ ਜਿਹੜੇ ਪਰਤਾਵੇ ਵਿਚ ਪੈਂਦੇ ਹਨ। ਇਸ ਖ਼ਤ ਨੂੰ ਪਾਉਣ

ਵਾਲਿਆਂ ਲਈ ਯਹੂਦੀ ਮਤ ਨੂੰ ਵਾਪਸ ਜਾਣ ਲਈ ਵੱਡਾ ਪਰਤਾਵਾ ਆਇਆ ਹੋਵੇਗਾ, ਪਰ ਉਨ੍ਹਾਂ ਨੂੰ ਵਾਪਸ ਨਾ ਜਾਣ ਲਈ ਉਤਸਾਹਿਤ ਕੀਤਾ ਗਿਆ। ਉਨ੍ਹਾਂ ਨੂੰ ਦੱਸਿਆ ਗਿਆ ਕਿ ਆਪਣੀ ਸਾਰੀ ਸੁਰਗੀ ਮਹਿਮਾ ਵਿਚ ਉਨ੍ਹਾਂ ਦਾ ਮਹਾਯਾਜਕ ਉਨ੍ਹਾਂ ਲਈ ਸਿਫ਼ਾਰਿਸ਼ ਕਰਨ ਲਈ ਖ਼ੁਦਾ ਦੇ ਸਾਹਮਣੇ ਸੀ (ਇਬਰਾਨੀਆਂ 7:25)। ਇਸ ਵਿਚ ਵੀ ਜ਼ਿਆਦਾ ਉਤਸਾਹਿਤ ਕਰਨ ਵਾਲਾ ਇਹ ਧਿਆਨ ਸੀ ਕਿ ਉਹ ਸਾਡੇ ਹੀ ਵਾਂਗ ਪਰਤਾਇਆ ਗਿਆ ਸੀ। ਜਿੰਨਾਂ ਅਸੀਂ ਇਸ ਤੱਥ ਵਿਚ ਭਰੋਸਾ ਕਰਾਂਗੇ ਉਨਾਂ ਹੀ ਸਾਡਾ ਨਿਹਚਾ ਹੋਵੇਗਾ!

ਯਿਸੂ ਇਕ ਸਮੇਂ ਲਈ ਸਾਡੇ ਨਾਲ ਮਨੁੱਖ ਬਣਿਆ ਤਾਂ ਜੋ ਉਹ ਸਾਡੇ ਸਿੱਧ ਮਹਾਯਾਜਕ ਦਾ ਕੰਮ ਕਰ ਸਕੇ। ਉਸ ਨੂੰ ਬਹੁਤ ਪਹਿਲਾਂ ਪਰੀਖਿਆ ਅਤੇ ਦੁੱਖ ਝੱਲਣ ਲਈ ਸਰੀਰਕ ਸਮਝ ਪਾਉਣ ਲਈ ਫ਼ਰਿਸ਼ਤਿਆਂ ਤੋਂ ਥੋੜਾ ਘੱਟ ਕੀਤਾ ਗਿਆ ਸੀ। ਆਪਣੀ ਸਰਿਸ਼ਟੀ ਦੇ ਭਾਗ ਦੇ ਰੂਪ ਵਿਚ ਰਹਿ ਕੇ ਅਤੇ ਫਿਰ ਮਰ ਕੇ ਉਹ ਮੌਤ ਦੀਆਂ ਬੇੜੀਆਂ ਨੂੰ ਤੋੜ ਸਕਦਾ ਸੀ। ਦੁਨਿਆਵੀ ਅਜ਼ਮਾਇਸ਼ਾਂ ਇੱਥੋਂ ਤਕ ਕਿ ਸਾਡੇ ਵੱਲੋਂ ਸਲੀਬ ਦਿੱਤੇ ਜਾਣ ਲਈ ਉਸ ਦੀ ਤਿਆਰ ਸਾਡੇ ਲਈ ਉਸ ਦੇ ਬੇਮਿਸਾਲ ਪ੍ਰੇਮ ਦੀ ਪੂਰਤੀ ਕਰਦੀ ਹੈ। ਉਸ ਪਰਾਸਚਿਤ ਦੇ ਬਿਨਾਂ ਜਿਹੜਾ ਉਸ ਨੇ ਦਿੱਤਾ ਅਸੀਂ ਕਿੰਨੇ ਗੁਆਚੇ ਹੋਏ ਹੁੰਦੇ!

## ਹੋਰ ਅਧਿਐਨ ਲਈ: ਸ਼ੈਤਾਨ

ਯਿਸੂ ''ਮੌਤ ਦੇ ਰਾਹੀਂ'' ਸ਼ੈਤਾਨ ਨੂੰ ਨਾਸ ਕਰਨ ਲਈ ਆਇਆ (ਆਇਤ 14)। ਸਾਫ਼ ਹੈ ਕਿ ਇਹ ਨਾਸ ਸ਼ੈਤਾਨ ਦੀਆਂ ਕੁਝ ''ਸ਼ਕਤੀਆਂ'' ਦਾ ਸੀ। ਇਸ ਮੁਕਾਸ਼ਫ਼ੇ ਦੇ ਦਿੱਤੇ ਜਾਣ ਤਕ ਸ਼ੈਤਾਨ ਨੂੰ ''ਮੌਤ ਦਾ ਦੂਤ'' ਆਖਿਆ ਜਾਂਦਾ ਹੋਵੇਗਾ। ਖ਼ੁਦਾ ਅਤੇ ਸ਼ੈਤਾਨ ਦੇ ਵਿਚ ਫੈਸਲਾਕੁੰਨ ਯੁੱਧ ਸਲੀਬ ਉੱਤੇ ਹੋਇਆ।[49] ਇਹ ਯਕੀਨਨ ਹੀ ਯਿਸੂ ਦੇ ਆਉਣ ਦਾ ਮੁੱਖ ਕਾਰਣ ਸੀ ਜਿਸ ਵਿਚ ਸ਼ੈਤਾਨ ਦੀਆਂ ਸ਼ਕਤੀਆਂ ਨੂੰ ਤੋੜ ਦਿੱਤਾ ਗਿਆ। ਇਸ ਸੰਸਾਰ ਵਿਚ ਸ਼ੈਤਾਨ ਦੀਆਂ ਬਚੀਆਂ ਹੋਈਆਂ ਸ਼ਕਤੀਆਂ ਲਈ ਅਸੀਂ ਉਸ ਨੂੰ ਜ਼ਿਆਦਾ ਨਾ ਵਡਿਆਈਏ, ਕਿਉਂਕਿ ਮਸੀਹ ਨੇ ਉਸ ਨੂੰ ਹਰਾ ਦਿੱਤਾ ਹੈ![50] ''ਇਬਲੀਸ ਅਤੇ ਸ਼ੈਤਾਨ'' (ਦੋਹਾਂ ਦਾ ਅਰਥ ''ਦੋਸ਼ ਲਾਉਣ ਵਾਲਾ,'' ਇਬਰਾਨੀ, ਯੂਨਾਨੀ [ਅਤੇ ਪੰਜਾਬੀ–ਅਨੁਵਾਦਕ] ਵਿਚ ਇੱਕੋ ਨਾਂਅ; ਪ੍ਰਕਾਸ਼ ਦੀ ਪੋਥੀ 20:2) ਨੇ ਮਨੁੱਖਜਾਤੀ ਦੇ ਨਾਲ ਧੋਖਾ ਕੀਤਾ ਜਿਸ ਨਾਲ ਮੌਤ ਆਈ ਜਿਸ ਦਾ ਨਤੀਜਾ ਪਾਪ ਸੀ।[51] ਅਸਲ ਵਿਚ ਉਹ ਹਰ ਮੁਮਕਿਨ ਢੰਗ ਨਾਲ ਕਪਟੀ ਹੈ; ਉਹ ਝੂਠਾ ਹੈ। ਉਹ ਸ਼ਿਕਾਰ ਦੀ ਭਾਲ ਵਿਚ ਬੁਕਦੇ ਸ਼ੀਂਹ ਵਾਂਗ ਹੈ ਜਿਹੜਾ ਭਾਲ ਵਿਚ ਰਹਿੰਦਾ ਹੈ ਕਿ ਕਿਸ ਨੂੰ ਪਾੜ ਖਾਵੇ (1 ਪਤਰਸ 5:8); ਪਰ ਉਹ ''ਬੱਬਰ ਸ਼ੇਰ ਜਿਹੜਾ ਯਹੂਦਾ ਦੇ ਗੋਤ ਵਿੱਚੋਂ ਹੈ'' ਨਹੀਂ ਹੈ, ਉਹ ਸ਼ੇਰ ਤਾਂ ਮਸੀਹਾ ਹੈ (ਪ੍ਰਕਾਸ਼ ਦੀ ਪੋਥੀ 5:5)।

ਯਹੂਦੀਆਂ ਦਾ ਮੰਨਣਾ ਸੀ ਕਿ ਮੌਤ ਦਾ ਕਾਰਣ ਸ਼ੈਤਾਨ ਹੈ ਨਾ ਕਿ ਖ਼ੁਦਾ। ਯਿਸੂ ਨੇ ਸ਼ੈਤਾਨ ਲਈ ਆਖਿਆ, ''ਉਹ ਤਾ … ਸਚਿਆਈ ਉੱਤੇ ਟਿਕਿਆ ਨਾ ਰਿਹਾ,'' ਜਿਸ ਦਾ ਅਰਥ ਇਹ ਹੈ ਕਿ ਉਹ ਕਿਸੇ ਸਮੇਂ ਇਸ ਵਿਚ ਸੀ। ਉਹ ਮੁੱਢੋਂ ਹੀ ''ਝੂਠਾ'' ਅਤੇ ''ਘਾਤਕ'' ਹੈ। ਜਿਹੜਾ ਮਨੁੱਖਾਂ ਨੂੰ ਪਾਪ ਨਾਲ ਠੱਗਦਾ ਅਤੇ ਮੌਤ ਦਾ ਕਾਰਣ ਬਣਦਾ ਹੈ (ਯੂਹੰਨਾ 8:44)। ''ਸ਼ੈਤਾਨ ਦੀ ਸਜ਼ਾ'' (1 ਤਿਮੋਥਿਉਸ 3:6) ਵਾਕਅੰਸ਼ ਉਸ ਸਜ਼ਾ ਲਈ ਨਹੀਂ ਹੋ ਸਕਦਾ ਜਿਹੜਾ ਸ਼ੈਤਾਨ ਕਿਸੇ ਦੇ ਉੱਤੇ ਪਾਉਂਦਾ ਹੈ, ਕਿਉਂਕਿ ਇਸ ਵਿਚ ਸ਼ੱਕ ਹੈ ਕਿ ਉਸ ਦੇ ਕੋਲ ਇਹ ਸ਼ਕਤੀ ਹੋਵੇਗੀ? ਇਸ ਦੇ ਇਲਾਵਾ ਇਨ੍ਹਾਂ ਸ਼ਬਦਾਂ ਦਾ ਅਰਥ ਇਹ ਹੋ ਸਕਦਾ ਹੈ ਕਿ ਘਮੰਡ ਦੇ ਕਾਰਣ ''ਉਹ ਸਜ਼ਾ ਜਿਸ ਵਿਚ ਸ਼ੈਤਾਨ ਡਿੱਗਿਆ।'' ਸਾਡੀ ਮੌਤ ਦਾ ਕਾਰਣ ਉਹ ਸਿਰਫ਼ ਅਸਿੱਧੇ ਤੌਰ ਨਾਲ ਹੈ।

ਪਤਰਸ ਨੇ ਆਖਿਆ ਕਿ ਫ਼ਰਿਸ਼ਤਿਆਂ ਨੂੰ ਜਦ ਉਨ੍ਹਾਂ ਨੇ ਪਾਪ ਕੀਤਾ ''ਨਰਕ ਵਿਚ ਸੁੱਟ'' ਦਿੱਤਾ ਗਿਆ (2 ਪਤਰਸ 2:4)। ਸਾਫ਼ ਹੈ ਕਿ ਸੁਰਗ ਵਿੱਚੋਂ ਕੱਢੇ ਜਾਣ ਦੇ ਬਾਅਦ ਸ਼ੈਤਾਨ ਸਫ਼ਲਤਾ ਭਰੇ ਮਨੁੱਖ ਦੇ ਡਿੱਗਣ ਦਾ ਕਾਰਣ ਬਣਿਆ। ਖ਼ੁਦਾ ਨੇ ਇੰਜ ਕਿਉਂ ਹੋਣ ਦਿੱਤਾ, ਅਸੀਂ ਕਹਿ ਸਕਦੇ ਹਾਂ।

ਪਰ ਇਹ ਪੱਕਾ ਹੈ ਕਿ ਸ਼ੈਤਾਨ ਦੇ ਕੋਲ ਸਿਰਫ਼ ਓਨੀ ਹੀ ਸ਼ਕਤੀ ਹੋ ਸਕਦੀ ਹੈ ਜਿੰਨੀ ਖ਼ੁਦਾ ਉਸ ਨੂੰ ਦਿੰਦਾ ਹੈ (ਅੱਯੂਬ 1:12; 2:6)। ਖ਼ੁਦਾ ਨੇ ਮਨੁੱਖ ਨੂੰ ਪਰਖਣ ਅਤੇ ਉਸ ਨੂੰ ਮਜ਼ਬੂਤ ਬਣਾਉਣ ਲਈ ਸ਼ੈਤਾਨ ਦੀਆਂ ਗਤੀਵਿਧੀਆਂ ਹੋਣ ਦਿੱਤੀਆਂ ਹੋ ਸਕਦੀਆਂ ਹਨ, ਕਿਉਂਕਿ ਜਦ ਕਿਸੇ ਪਰਤਾਵੇ ਦਾ ਸਾਹਮਣਾ ਕੀਤਾ ਜਾਂਦਾ ਹੈ ਤਾਂ ਉਹ ਮਨੁੱਖ ਨੂੰ ਬੇਹਤਰ ਬਣਾ ਦਿੰਦਾ ਹੈ, ਜਿਹੜਾ ਖ਼ੁਦਾ ਦੀ ਵਡਿਆਈ ਹੋਰ ਵੀ ਕਰ ਸਕਦਾ ਹੈ (ਜਿਵੇਂ ਅੱਯੂਬ ਦੀ ਜ਼ਿੰਦਗੀ ਵਿਚ ਬਾਅਦ ਵਿਚ ਹੋਇਆ)। ਸ਼ੈਤਾਨ ਦੇ ਸੁਝਾਅ ਦੇ ਕਾਰਣ ਮਨੁੱਖਜਾਤੀ ਰੂਹਾਨੀ ਅਤੇ ਸਰੀਰਕ ਪੱਖੋਂ ਮਰ ਗਈ। ਇਕ ਅਰਥ ਵਿਚ ਇਸ ਨਾਲ ਸ਼ੈਤਾਨ ਨੇ ਮਨੁੱਖਾਂ ਨੂੰ ਵੱਸ ਵਿਚ ਕਰ ਲਿਆ ਅਤੇ ਉਹ ਜਗਤ ਦਾ ਸਰਦਾਰ ਬਣ ਗਿਆ (ਯੂਹੰਨਾ 12:31; 14:30; 16:11; ਵੇਖੋ 2 ਕੁਰਿੰਥੀਆਂ 4:4)। ਮਨੁੱਖ ਸ਼ੈਤਾਨ ਦਾ ਅਸਲੀ ਗ਼ੁਲਾਮ ਬਣ ਗਿਆ (ਯੂਹੰਨਾ 8:34; ਰੋਮੀਆਂ 6:16)।

## ਪ੍ਰਾਸੰਗਿਕਤਾ

**ਦੂਰ ਚਲੇ ਜਾਣ ਦਾ ਨਤੀਜਾ ਕੀ ਹੁੰਦਾ ਹੈ? (2:1-4)**

ਦੂਰ ਜਾਣ ਦਾ ਖ਼ਤਰਾ ਕਈ ਤਰ੍ਹਾਂ ਨਾਲ ਹੋ ਸਕਦਾ ਹੈ। *ਕਈਆਂ ਨੂੰ ਇਸ ਸਚਿਆਈ ਦਾ ਜਿਹੜੀ ਉਨ੍ਹਾਂ ਨੇ ਸਿੱਖੀ ਹੈ ਮਹੱਤਵ ਪੂਰੀ ਤਰ੍ਹਾਂ ਨਾਲ ਸਮਝ ਨਹੀਂ ਆਉਂਦਾ।* ਜਦ ਸਚਿਆਈ ਨੂੰ ਜਾਣਨ ਦਾ ਦਵਾਰ ਖੁੱਲ ਜਾਂਦਾ ਹੈ ਜਿਹੜੀ ਸਾਡੀਆਂ ਜਾਨਾਂ ਨੂੰ ਬਚਾ ਸਕਦੀ ਹੈ, ਤਾਂ ਕਈ ਲੋਕ ਇਸ ਨੂੰ ਆਪਣੇ ਰੋਜ਼ਮੱਰਾ ਦੀ ਜ਼ਿੰਦਗੀ ਲਈ ਫਜ਼ੂਲ ਜਾਣ ਕੇ ਪਰਾਂ ਕਰ ਦਿੰਦੇ ਹਨ। ਇਹ ਤਰੀਕਾ ਖ਼ਤਰਨਾਕ ਹੋ ਸਕਦਾ ਹੈ। ਪੌਲੁਸ ਨੇ ਧਾਰਮਿਕਤਾ, ਹੌਂਸਲਾ ਅਤੇ ਆਉਣ ਵਾਲੇ ਨਿਆਂ ਦਾ ਤਰਕ ਦੇ ਕੇ ਆਪਣੇ ਸਾਹਮਣੇ ਆਈ ਧਮਕੀ ਲਈ ਫੇਲਿਕਸ ਨੂੰ ਚਿਤਾਵਨੀ ਦਿੱਤੀ (ਰਸੂਲਾਂ ਦੇ ਕੰਮ 24:25)। ਫੇਲਿੱਕਸ ਨੇ ਅਜਿਹੇ ਮਾਮਲਿਆਂ ਤੇ ਗੱਲ ਕਰਨ ਦੇ ਲਈ ਕੋਈ ਹੋਰ ਸਹੀ ਸਮਾਂ ਚਾਹਿਆ। ''ਸਹੀ'' ਸਮਾਂ ਕਦੇ ਨਹੀਂ ਆਉਂਦਾ। ਪਾਪ ਤੋਂ ਤੌਬਾ ਕਰਨ ਦੀ ਲੋੜ ਕਦੀ ਅਸਾਨ ਜਾਂ ਅਚਾਨਕ ਨਹੀਂ ਹੁੰਦੀ। ਸਾਨੂੰ ਬਾਹਰੀ ਪਾਪੀਆਂ ਨੂੰ ਆਉਣ ਵਾਲੇ ਨਿਆਂ ਨੂੰ ਯਾਦ ਦੁਆਉਣ ਦੇ ਹਰ ਮੌਕੇ ਦੀ ਵਰਤੋਂ ਕਰਨੀ ਚਾਹੀਦੀ ਹੈ। ਪੌਲੁਸ ਨੇ ਆਉਣ ਵਾਲੇ ਨਿਆਂ ਦੀ ਵਰਤੋਂ ਲੋਕਾਂ ਨੂੰ ਆਗਿਆ ਮੰਨਣ ਲਈ ਸਮਝਾਉਣ ਦੇ ਅਧਾਰ ਦੇ ਰੂਪ ਵਿਚ ਕੀਤੀ। ਉਸ ਨੂੰ ਪਤਾ ਸੀ ਕਿ ਨਿਆਂ ਦਾ ਦਿਨ ਆ ਰਿਹਾ ਹੈ ਅਤੇ ਪ੍ਰਭੂ ਤੋਂ ਡਰਨ ਦਾ ਇਹੀ ਕਾਰਣ ਹੈ (2 ਕੁਰਿੰਥੀਆਂ 5:10, 11)।

*ਦੂਰ ਜਾਣ ਦਾ ਇਕ ਕਾਰਣ ਇਹ ਸੋਚਣਾ ਹੈ ਕਿ ਸਾਨੂੰ ਨਵੇਂ ਨੇਮ ਦੇ ਅਧੀਨ ਵੱਧ ਤੋਂ ਵੱਧ ਪਾਪ ਤੋਂ ਮਾਫ਼ੀ ਮਿਲ ਸਕਦੀ ਹੈ।* ਅਸੀਂ ਪੁਰਾਣੇ ਨੇਮ ਦੇ ਅਧੀਨ ਦਿੱਤੇ ਜਾਣ ਵਾਲੇ ਦਸਵੰਦ ਨੂੰ ਪੜ੍ਹਦੇ ਹਾਂ ਅਤੇ ਸੋਚਦੇ ਹਾਂ ''ਚੰਗਾ ਹੈ, ਮੈ ਉਸ ਕਠੋਰ ਪ੍ਰਬੰਧ ਵਿਚ ਨਹੀਂ ਰਹਿੰਦਾ ਅਤੇ ਐਨਾਂ ਜ਼ਿਆਦਾ ਨਹੀਂ ਦੇਣਾ ਪੈਂਦਾ'' ਅਸਲ ਵਿਚ ਨਵੇਂ ਨੇਮ ਦੇ ਅਧੀਨ ਸਾਡੀਆਂ ਜ਼ਿੰਮੇਵਾਰੀਆਂ ਹੋਰ ਵੀ ਵੱਧ ਹਨ; ਸੰਸਾਰ ਨੂੰ ਇੰਜੀਲ ਸੁਣਾਉਣ ਲਈ ਯਹੂਦੀ ਪ੍ਰਬੰਧ ਨੂੰ ਬਣਾਈ ਰੱਖਣ ਨਾਲੋਂ ਵਧ ਕੇ ਜ਼ਿਆਦਾ ਦਰਿਆਦਿਲੀ ਦੀ ਲੋੜ ਹੈ। ਕੁਝ ਲੋਕ ਸੰਤ ਬਣ ਕੇ ਬਿਨਾਂ ਕੁਝ ਕੀਤੇ ਸਹੀ ਬਣ ਕੇ ਅੱਗੇ ਵੱਧਣ ਦੀ ਕੋਸ਼ਿਸ਼ ਕਰਦੇ ਹਨ। ਯਿਸੂ ਨੇ ''ਦੋ ਕੋਹ ਚੱਲਿਆ'' ਜਾਣ ਦੇ ਅਨੰਦ ਦੀ ਸਿੱਖਿਆ ਦਿੱਤੀ (ਵੇਖੋ ਮੱਤੀ 5:41)। ਉਸ ਨੇ ਇਹ ਵੀ ਸਿਖਾਇਆ ਕਿ ਜਦ ਅਸੀਂ ਉਹ ਸਭ ਕਰਦੇ ਹਾਂ ਜਿਸ ਦੀ ਸਾਨੂੰ ਆਗਿਆ ਦਿੱਤੀ ਗਈ ਹੈ ਤਾਂ ਅਸੀਂ ਉਸ ਦੇ ਬਾਵਜੂਦ ''ਨਿਕੰਮੇ ਬੰਦੇ'' ਹੀ ਹਾਂ (ਲੂਕਾ 17:10)।

*ਅਸੀਂ ਇਸ ਜ਼ਿੰਦਗੀ ਦੇ ਆਨੰਦਾਂ ਵੱਲ ਆਸਾਨੀ ਨਾਲ ਅਕਰਸ਼ਕ ਹੋ ਜਾਂਦੇ ਹਾਂ ਜਿਹੜਾ ਦੂਰ ਜਾਣ ਦਾ ਸੱਭ ਤੋਂ ਵੱਡਾ ਕਾਰਣ ਹੋ ਸਕਦਾ ਹੈ।* ਸਾਡੇ ਮਨ ਅਸਾਨੀ ਨਾਲ ''ਚਿੰਤਾਂ ਅਰ ਮਾਯਾ ਅਤੇ ਭੋਗ ਬਿਲਾਸ ਨਾਲ ਦਬਾਏ ਜਾਂਦੇ'' ਹਨ। ਜਿਸ ਨਾਲ ਉਹ ''ਪੱਕੇ ਫਲ਼ ਨਹੀਂ ਦਿੰਦੇ ਹਨ'' (ਲੂਕਾ

8:14)। ਅਸੀਂ ਕਈ ਜਵਾਨਾਂ ਨੂੰ ਵੇਖਦੇ ਹਾਂ ਜਿਹੜੇ ਵੱਡੇ ਰੂਹਾਨੀ ਜੋਸ਼ ਦੇ ਨਾਲ ਸ਼ੁਰੂ ਕਰਦੇ ਹਨ, ਪਰ ਉਹ ਕਦੇ ਨਿਹਚਾ ਦੀਆਂ ਗਹਿਰਾਈਆਂ ਵਿਚ ਨਹੀਂ ਜਾ ਪਾਉਂਦੇ। ਉਹ ਬਿਨਾਂ ਇਸ ਸਮਝ ਦੇ ਦੂਰ ਹੋ ਜਾਂਦੇ ਹਨ, ਆਮ ਤੌਰ ਤੇ ਆਪਣੀਆਂ ਜ਼ਿੰਦਗੀਆਂ ਦੀ ਹਮੇਸ਼ਾ ਦੇ ਘਾਟੇ ਤਕ। ਜਦ ਅਨੰਦ ਸਾਨੂੰ ਖ਼ੁਦਾ ਤੋਂ ਦੂਰ ਲੇ ਜਾਵੇ ਤਾਂ ਅਸੀਂ ਉਦਾਸੀ ਭਰੇ ਢੰਗ ਨਾਲ ਉਸ ਤੋਂ ਜਿਹੜਾ ਅਹਿਮ ਹੈ ਗੁਆਚ ਜਾਂਦੇ ਹਾਂ। ਅਸੀਂ ਸੋਚਣ ਲੱਗਦੇ ਹਾਂ, ''ਮੇਰੇ ਕੋਲ ਵਕਤ ਨਹੀਂ ਹੈ'' ਅਤੇ ਉਸ ਭੋਗ ਵਿਲਾਸ ਨੂੰ ਸਹੀ ਕਹਿ ਕੇ ਜਿਹੜਾ ਸਾਡੇ ਅਕਸ਼ਣ ਦਾ ਕਾਰਣ ਬਣ ਜਾਂਦਾ ਹੈ, ਬਹਾਨੇ ਬਣਾਉਂਦੇ ਹਾਂ।

ਇੰਜੀਲ ਮੁਕਤੀ ਲਈ ਸ਼ਕਤੀ ਬਣੀ ਰਹਿੰਦੀ ਹੈ (ਰੋਮੀਆਂ 1:16)। ਜਿਵੇਂ ਛੋਟੇ ਬੱਚੇ ਨੂੰ ਸਾਫ਼ ਕਰਨ ਲਈ ਸਰੀਰ ਤੇ ਸਾਬਣ ਮਲਿਆ ਜਾਣਾ ਜ਼ਰੂਰੀ ਹੈ ਓਵੇਂ ਹੀ ਪਾਪ ਧੋਣ ਲਈ ਇੰਜੀਲ ਜ਼ਰੂਰੀ ਹੈ। ਬਾਈਬਲ ਭਰਪੂਰ ਸਚਿਆਈ ਨਾਲ ਸੰਸਾਰ ਦੀ ਮੁਕਤੀ ਕਰ ਸਕਦੀ ਹੈ; ਪਰ ਜਿਸ ਤਰ੍ਹਾਂ ਨਾਲ ਦਵਾਈ ਤਦ ਤਕ ਚੰਗਿਆ ਨਹੀਂ ਕਰ ਸਕਦੀ ਜਦ ਤਕ ਇਸ ਨੂੰ ਲਿਆ ਨਹੀਂ ਜਾਂਦਾ, ਇਸੇ ਤਰ੍ਹਾਂ ਇੰਜੀਲ ਤਦ ਤਕ ਕਿਸੇ ਦੀ ਮੁਕਤੀ ਨਹੀਂ ਕਰ ਸਕਦੀ ਜਦ ਤਕ ਇਸ ਨੂੰ ਸੁਣ ਕੇ ਮੰਨਿਆ ਨਹੀਂ ਜਾਂਦਾ।

### ਪਾਪ ਕੀ ਹੈ (2:1, 2)

ਪੁਰਾਣੇ ਨੇਮ ਵਿਚ ਲਾਲਚ ਲਈ ਮੌਤ ਦਾ ਇਕ ਉਦਾਹਰਣ ਆਕਾਨ ਹੈ (ਯਹੋਸ਼ੁਆ 7), ਅਤੇ ਨਵੇਂ ਨੇਮ ਵਿਚ ਹਨੱਨਯਾਹ ਅਤੇ ਸਫ਼ੀਰਾ ਇਕ ਜੋੜਾ ਜਿਸ ਨੂੰ ਅਜਿਹਾ ਹੀ ਫ਼ਲ ਮਿਲਿਆ (ਰਸੂਲਾਂ ਦੇ ਕੰਮ 5)। ਪਾਪ ਖ਼ੁਦਾ ਦੀ ਸਾਫ਼–ਸਾਫ਼ ਇੱਛਾ ਦਾ ਉਲੰਘਣ ਹੈ। 1 ਯੂਹੰਨਾ 3:4 ਵਿਚ ''ਸ਼ਰਾ ਦਾ ਉਲਟ'' ਦਾ ਅਰਥ ਸ਼ਰ੍ਹਾ ਦਾ ਵਿਰੋਧ ਕਰਨਾ ਜਾਂ ਇਸ ਨੂੰ ''ਤੋੜਨਾ'' ਹੈ। ਸ਼ਬਦ *anomia* ਜਿਸ ਦਾ ਮੂਲ ਅਰਥ ''ਸ਼ਰ੍ਹਾ ਦਾ ਵਿਰੋਧ'' ਹੈ। ਜ਼ਿਆਦਾਤ ਮਸੀਹੀ ਲੋਕ ਜਿੜੇ ਡਿੱਗ ਗਏ ਹਨ ਉਨ੍ਹਾਂ ਨੂੰ ਘੋਰ ਨੈਤਿਕ ਉਲੰਘਣਾਂ ਲਈ ਸਜ਼ਾ ਨਹੀਂ ਮਿਲੇਗੀ ਸਗੋਂ ਉਸ ਨੂੰ ਨਜ਼ਰਅੰਦਾਜ਼ ਕਰਨ ਲਈ ਮਿਲੇਗੀ ਜੋ ਉਨ੍ਹਾਂ ਨੂੰ ਕਰਨਾ ਨਹੀਂ ਚਾਹੀਦਾ ਸੀ। ਸਦੀਵੀ ਮੁਕਤੀ ਨੂੰ ਪੱਕਾ ਕਰਨ ਲਈ 2 ਪਤਰਸ 1:5–11 ਵਾਲੇ ''ਮਸੀਹੀ ਗੁਣਾਂ'' ਨੂੰ ਜੋੜਨਾ ਜ਼ਰੂਰੀ ਹੈ। ਜਦ ਕੋਈ ਇੰਜ ਕਰਦਾ ਹੈ ਤਾਂ ਉਹ ''ਕਦੇ ਠੇਡਾ ਨਾ'' ਖਾਵੇਗਾ (ਆਇਤ 10)। ਇਸ ਲਈ ਕਿਰਪਾ ਤੋਂ ਕਦੇ ਨਾ ਡਿੱਗਣਾ ਤਦੇ ਮੁਮਕਿਨ ਹੈ ਜੇ ਪਤਰਸ ਰਾਹੀਂ ਦੱਸੀ ਗਈ ਸ਼ਰਤਾਂ ਨੂੰ ਮੰਨਿਆ ਜਾਵੇ। ਆਪਣੀ ਨਿਹਚਾ ਵਿਚ ''ਨੇਕੀ'' (ਆਇਤ 5), ਅਤੇ ਇੰਜ ਸੂਚੀ ਵਿਚ ਦਿੱਤੇ ਗਏ ਸਾਰੇ ਗੁਣਾਂ ਨੂੰ ਜੋੜਦੇ ਹੋਏ ਸਹੀ ਰਾਹ ਵੱਲ ਵਧਿਆ ਜਾ ਸਕਦਾ ਹੈ।

### ਸੰਤ ਵੱਲੋਂ ਪਾਪ (2:1-4)

ਵਾਰੇਨ ਡਬਲਯੂ. ਵਿਯਰਸਬੇ ਨੇ ਇਕ ਪ੍ਰਚਾਰ ਦੀ ਗੱਲ ਦੱਸੀ ਹੈ ਜਿਸ ਨੇ ''ਸੰਤਾਂ ਦੇ ਪਾਪਾਂ'' ਉੱਤੇ ਉਪਦੇਸ਼ਾਂ ਦੀ ਇਕ ਲੜੀ ਦਿੱਤੀ। ਉਸ ਨੂੰ ਕਲੀਸੀਆ ਦੇ ਇਕ ਮੈਂਬਰ ਵੱਲੋਂ ਦੁੱਖ ਦਿੱਤਾ ਗਿਆ। ''ਆਖ਼ਿਰ,'' ਮੈਂਬਰ ਨੇ ਆਖਿਆ, ''ਮਸੀਹੀ ਮਨੁੱਖ ਦੀ ਜ਼ਿੰਦਗੀ ਦਾ ਪਾਪ ਬਾਕੀ ਲੋਕਾਂ ਦੀਆਂ ਜ਼ਿੰਦਗੀਆਂ ਦੇ ਪਾਪਾਂ ਤੋਂ ਵੱਖ ਹੈ।'' ''ਹਾਂ,'' ਸੇਵਕ ਨੇ ਉੱਤਰ ਦਿੱਤਾ, ''ਇਹ ਉਸ ਤੋਂ ਵੀ ਬੁਰਾ ਹੈ!''[52]

### ਅਸੀਂ ਕਿਵੇਂ ਬਚਾਂਗੇ? (2:3)

2:3 ਦਾ ਸਵਾਲ ਬੇਤੁਕਾ ਹੈ, ਜਿਸ ਦਾ ਅਰਥ ਇਹ ਹੈ ਕਿ ਇਸ ਦਾ ਜਵਾਬ ਤਾਂ ਓਸੇ ਵਿਚ ਹੈ: *ਜੇ ਅਸੀਂ ਐਨੀਂ ਵੱਡੀ ਮੁਕਤੀ ਨੂੰ ਨਜ਼ਰਅੰਦਾਜ਼ ਕਰਦੇ ਹਾਂ ਤਾਂ ਕੋਈ ਬਚਾਅ ਨਹੀਂ ਹੈ।* ਜਵਾਬ 2 ਥੱਸਲੁਨੀਕੀਆਂ 1:7–9 ਵਿਚ ਸਾਫ਼ ਦਿੱਤਾ ਗਿਆ ਹੈ। ਕੁਝ ਲੋਕਾਂ ਦੇ ਮਨ ਐਨੇਂ ਕਠੋਰ ਹੋ ਜਾਂਦੇ ਹਨ ਕਿ ਉਹ ਛੁਟਕਾਰੇ ਦੀ ਸੰਭਾਵਨਾ ਤੋਂ ਅੱਗੇ ਨਿੱਕਲ ਜਾਂਦੇ ਹਨ। ਇਬਰਾਨੀਆਂ 6:4–6 ਅਤੇ

10:26–29 ਦੇ ਆਪਣੇ ਅਧਿਐਨ ਵਿਚ ਅਸੀਂ ਵੇਖਾਂਗੇ ਕਿ ਇਸੇ ਤਰ੍ਹਾਂ ਹੀ ਹੈ। 1 ਤਿਮੋਥਿਉਸ 4:1–3 ਵਿਚ ਪੌਲੁਸ ਨੇ ਸੁਝਾਅ ਦਿੱਤਾ ਕਿ ਕੁਝ ਲੋਕਾਂ ਦਾ ''ਅੰਤਹਕਰਨ ਤੱਤੇ ਲੋਹੇ ਨਾਲ ਦਾਗਿਆ'' ਗਿਆ ਹੋਵੇਗਾ ਅਤੇ ਉਹ ਸਚਿਆਈ ਦੀ ਥਾਂ ਝੂਠ ਦੱਸਣਗੇ। ਜਿਸ ਤਰ੍ਹਾਂ ਨਾਲ ਪਸ਼ੂ ਉੱਤੇ ਲੱਗੀ ਮੋਹਰ ਉਸ ਦੀ ਚਮੜੀ ਦੇ ਵਾਲਾਂ ਨੂੰ ਵੱਧਣ ਤੋਂ ਰੋਕਦੀ ਹੈ ਓਸੇ ਤਰ੍ਹਾਂ ਨਾਲ ਅੰਤਹਕਰਨ ਇੱਥੋਂ ਤਕ ਦਾਗਿਆ ਗਿਆ ਹੋ ਸਕਦਾ ਹੈ ਕਿ ਸੱਚਾਈ ਦਾ ਉਸ ਉੱਤੇ ਕੋਈ ਅਸਰ ਨਾ ਹੋਵੇ। ਇਕ ਕਵੀ ਨੇ ਲਿਖਿਆ ਹੈ:

ਇਕ ਵਕਤ ਸੀ, ਪਤਾ ਨਹੀਂ ਕਦ,
ਇਕ ਬਿੰਦੂ ਸੀ, ਪਤਾ ਨਹੀਂ ਕਿੱਥੇ,
ਜੋ ਮਹਿਮਾ ਹੋਣ ਜਾਂ ਨਿਰਾਸ਼ਾ ਲਈ
ਲੋਕਾਂ ਦੇ ਤਕਦੀਰ ਨੂੰ ਤੈਅ ਕਰਦਾ ਹੈ,
ਸਾਡੇ ਲਈ ਨਾ ਦਿੱਸਣ ਵਾਲੀ ਇਕ ਲਕੀਰ ਹੈ,
ਖ਼ੁਦਾ ਦੀ ਹੋਂਦ ਅਤੇ
ਉਸ ਦੇ ਕ੍ਰੋਧ ਦੇ ਵਿਚ ਲੁੱਕੀ ਹੋਈ ਇਕ ਹੱਦ ਦੇ
ਹਰ ਰਾਹ ਨੂੰ ਪਾਰ ਕਰ ਲੈਂਦੀ ਹੈ।[53]

ਇਬਰਾਨੀਆਂ 6:4–6 ਸੁਝਾਅ ਦਿੰਦਾ ਹੈ ਕਿ ਇਸ ਰੇਖਾ ਨੂੰ ਕਿਸੇ ਬੇਦੀਨ ਹੋਣ ਵਾਲੇ ਰਾਹੀਂ ਲੰਘਿਆ ਜਾ ਸਕਦਾ ਹੈ। ਇਬਰਾਨੀਆਂ 10:25–29 ਵਿਚ ਸੰਕੇਤ ਹੈ ਕਿ ਇਸ ਦੀ ਸ਼ੁਰੂਆਤ ਬੰਦਗੀ ਦੀ ਅਣਦੇਖੀ ਨਾਲ ਹੋ ਸਕਦੀ ਹੈ ਅਤੇ ਇੰਜ ਮਨ ਵਧਾਉਣ ਦੇ ''ਜਾਣ ਬੁੱਝ ਕੇ ਪਾਪ ਕਰਨ'' ਦੇ ਰਾਹੀਂ ਜਾਰੀ ਰਹਿ ਸਕਦਾ ਹੈ ਜਿਸ ਵਿਚ ''ਪਰਮੇਸ਼ੁਰ ਦੇ ਪੁੱਤਰ ਨੂੰ ਪੈਰਾਂ ਹੇਠ ਲਤਾੜਿਆ'' ਹੈ। ''ਜੀਉਂਦੇ ਪਰਮੇਸ਼ੁਰ ਦੇ ਹੱਥ ਵਿਚ ਪੈਣਾ ਭਿਆਣਕ ਗੱਲ ਹੈ'' (10:31)। ਅਜਿਹੀਆਂ ਆਇਤਾਂ ਸਾਨੂੰ ਇਹ ਸਮਝਾਉਣ ਵਿਚ ਮਦਦ ਕਰਦੀਆਂ ਹਨ ਕਿ ਪੌਲੁਸ ਨੇ ਕਿਉਂ ਆਖਿਆ ਕਿ ''ਪ੍ਰਭੂ ਦਾ ਭੌ ਜਾਣ ਕੇ ਮਨੁੱਖਾਂ ਨੂੰ ਮਨਾਉਂਦੇ ਹਾਂ'' (2 ਕੁਰਿੰਥੀਆਂ 5:10, 11)। ਅਸੀਂ ਆਪਣੀ ਰੱਖਿਆ ਲਈ ਖ਼ੁਦਾ ਦੀ ਕਿਰਪਾ ਉੱਤੇ ਨਿਰਭਰ ਨਹੀਂ ਰਹਿ ਸਕਦੇ ਜੇ ਅਸੀਂ ਵਫ਼ਾਦਾਰ ਹਾਂ। ਸਾਨੂੰ ਛੱਡ ਦੇਣ ਦੇ ਖ਼ਤਰੇ ਤੋਂ ਚੌਕਨਾ ਹੋਣਾ ਜ਼ਰੂਰੀ ਹੈ ਜਿਹੜਾ ਨਾ ਸਿਰਫ਼ ਇਸ ਜ਼ਿੰਦਗੀ ਵਿਚ ਨਿਰਾਸ਼ਾ ਦਾ ਸਗੋਂ ਸਦੀਪਕਾਲ ਤਕ ਦੋਸ਼ੀ ਹੋਣ ਦੀ ਸੰਭਾਵਨਾ ਦਾ ਕਾਰਣ ਵੀ ਬਣਦਾ ਹੈ।

**ਮੋਅਜਜ਼ੇ ਜ਼ਰੂਰੀ ਨਹੀਂ ਹਨ**

ਮੋਅਜਜ਼ੇ ਬੰਦ ਹੋ ਗਏ ਹਨ; ਸੰਦੇਸ਼ ਪੂਰੀ ਤਰ੍ਹਾਂ ਨਾਲ ਪੱਕਾ ਹੋ ਜਾਣ ਤੇ ਉਹ ਜ਼ਰੂਰੀ ਨਹੀਂ ਸਨ। ਮਰਕੁਸ 16:20 ਐਲਾਨ ਕਰਦਾ ਹੈ ਕਿ ਪੱਕਾ ਹੋਣ ਦੀ ਪ੍ਰਕਿਰਿਆ ਅਤੀਤ ਵਿਚ ਪਹਿਲਾਂ ਹੀ ਪੂਰੀ ਹੋ ਗਈ ਸੀ। ਮੋਅਜਜ਼ੇ ਮਸੀਹੀ ਲੋਕਾਂ ਦੀਆਂ ਨਿੱਜੀ ਲੋੜਾਂ ਨੂੰ ਪੂਰਾ ਕਰਨ ਲਈ ਨਹੀਂ ਸਨ। ਇਹੀ ਕਾਰਣ ਹੋ ਸਕਦਾ ਹੈ ਕਿ ਤਿਮੋਥਿਉਸ ਨੂੰ ਆਪਣੇ ਢਿੱਡ ਦੀ ਬਿਮਾਰੀ ਲਈ ''ਥੋੜੀ ਜਿਹੀ ਮੈ'' ਵਰਤੋਂ ਵਿਚ ਲਿਆਉਣੀ ਪਈ ਸੀ (1 ਤਿਮੋਥਿਉਸ 5:23)। ਅਸੀਂ ਰਸੂਲ ਨੂੰ ਪੁੱਛਦੇ ਹਾਂ, ''ਹੇ ਪੌਲੁਸ, ਤੂੰ ਜਵਾਨ ਤਿਮੋਥਿਉਸ ਨੂੰ ਮੋਅਜਜ਼ੇ ਨਾਲ ਚੰਗਾ ਕਿਉਂ ਨਹੀਂ ਕਰਦਾ?'' ਪੌਲੁਸ ਨੂੰ ਤ੍ਰੋਫ਼ਿਮੁਸ ਨੂੰ ਬਿਮਾਰ ਹੋਣ ਤੇ ਮਿਲੇਤੁਸ ਵਿਚ ਛੱਡਣਾ ਪਿਆ ਸੀ (2 ਤਿਮੋਥਿਉਸ 4:20)। ਅਸੀਂ ਪੌਲੁਸ ਨੂੰ ਇਸ ਕੰਮ ਲਈ ਜ਼ਰੂਰ ਕਹਾਂਗਾ?

ਅੱਜ ਅਜਿਹਾ ਕੋਈ ਵੀ ਮਨੁੱਖ ਨਹੀਂ ਹੈ ਜਿਹੜਾ ਫ਼ਟਾ ਫ਼ਟ ਕਿਸੇ ਜ਼ਖ਼ਮ ਨੂੰ ਚੰਗਾ ਕਰ ਸਕੇ। ਇਹ ਤਾਂ ਮੋਅਜਜ਼ਾ ਹੋਵੇਗਾ।

**ਵਿਸ਼ਵਾਸ ਵਾਲੀ ਦੁਆ**

ਧਿਆਨ ਦਿਓ ਕਿ ਅੱਜ ਮਸੀਹ ਦੀ ਸਮਰੱਥਾ ਤੋਂ ਚੰਗਿਆਈ ਦੇਣ ਦਾ ਦਾਅਵਾ ਕਰਨ ਵਾਲੇ ਬਹੁਤ ਸਾਰੇ ਪ੍ਰਚਾਰਕ ਆਪਣੇ ਆਪ ਨੂੰ ਬਿਮਾਰਾਂ ਲਈ ਦੁਆ ਕਰਨ ਲਈ ਆਪਦੇ ''ਪਾਸਟਰ'' (ਇਕਵਚਨ) ਨੂੰ ਬੁਲਾਉਣਗੇ ''ਬਜ਼ੁਰਗਾਂ'' (ਬਹੁਵਚਨ) ਨੂੰ ਨਹੀਂ। ਯਾਕੂਬ ਨੇ ਬਜ਼ੁਰਗਾਂ ਅਤੇ ਐਲਡਰਾਂ ਦੀ ਦੁਆ ਅਤੇ ਨਿਹਚਾ ਨਾਲ ਜਿਨ੍ਹਾਂ ਨੂੰ ਚੰਗਾਈ ਦਾ ਰੂਹਾਨੀ ਦਾਨ ਮਿਲਿਆ ਹੋਵੇ, ਚੰਗਾਈ ਦੀ ਗਰੰਟੀ ਦਿੱਤੀ (112:9; ਯਾਕੂਬ 5:14–16)। ਅੱਜ ਬਿਮਾਰਾਂ ਨੂੰ ਦੱਸਿਆ ਜਾਂਦਾ ਹੈ ਕਿ ''ਜੇ ਤੁਹਾਡਾ ਨਿਹਚਾ ਹੈ ਤਾਂ ਤੁਸੀਂ ਚੰਗੇ ਹੋ ਸਕਦੇ ਹੋ।'' ਯਾਕੂਬ ''ਨਿਹਚਾ ਨਾਲ ਕੀਤੀ ਦੁਆ'' ਦੀ ਗੱਲ ਕਰ ਰਿਹਾ ਸੀ ਜਿਸ ਤੋਂ ਭਾਵ ਦੁਆ ਕਰਨ ਵਾਲੇ ਦੀ ਨਿਹਚਾ ਹੈ। ਇਕ ਸਵਾਲ ਹੈ, ''ਖ਼ੁਦਾ ਕਿਸੇ ਛੋਟੇ ਬੱਚੇ ਨੂੰ ਕਿਉਂ ਮਰਨ ਦਵੇਗਾ ਜੇ ਨਿਹਚਾ ਵਾਲੇ ਲੋਕ ਚੰਗਾਈ ਦੇਣ ਲਈ ਮੌਜੂਦ ਹਨ। ਜਦ ਉਹ ਕਿਸੇ ਨੂੰ ਜਿਸ ਨੇ ਪਾਪ ਵਿਚ ਆਪਣੀ ਜ਼ਿੰਦਗੀ ਗੁਜ਼ਾਰੀ ਹੋਵੇ ਚੰਗਾਈ ਦੇ ਦਿੰਦਾ ਹੈ?'' ਖ਼ੁਦਾ ਦੇ ਢੰਗ ਕਈ ਵਾਰ ਬੇਸ਼ੱਕ ਮਨੁੱਖੀ ਸੋਚ ਤੋਂ ਪਰਾਂ ਹੁੰਦੇ ਹਨ, ਪਰ ਪਵਿੱਤਰ ਲਿਖਤ ਵਿਚ ਮੋਅਜਜ਼ਿਆਂ ਦਾ ਮਕਸਦ ਦੱਸ ਦਿੱਤਾ ਗਿਆ ਹੈ ਕਿ ਉਨ੍ਹਾਂ ਦਾ ਮਕਸਦ ਇੰਜੀਲ ਦੀ ਤਸਦੀਕ ਕਰਨਾ ਸੀ ਤਾਂ ਕਿ ਇਸ ਉੱਤੇ ਨਿਹਚਾ ਕੀਤਾ ਜਾਵੇ ਅਤੇ ਲੋਕ ਸਦੀਪਕ ਜੀਉਣ ਪਾ ਸਕਣ (ਯੂਹੰਨਾ 20:30, 31)। ਹੁਣ ਤਸਦੀਕ ਕਰਦੇ ਰਹਿਣ ਦੀ ਲੋੜ ਨਹੀਂ ਹੈ।

ਯਾਕੂਬ 5 ਵਾਲੀ ਸਥਿਤੀ ਉਸ ਵਕਤ ਤਕ ਸੀਮਿਤ ਸੀ ਜਦ ਐਲਡਰਾਂ ਦੇ ਕੋਲ ਮੋਅਜਜ਼ੇ ਕਰਨ ਦੀਆਂ ਸ਼ਕਤੀਆਂ ਸਨ। ਅੱਜ ਸਾਡੇ ਵਿਚ ਅਜਿਹੀ ਸ਼ਕਤੀਆਂ ਵਾਲਾ ਕੋਈ ਬਜ਼ੁਰਗ ਜਾਂ ਐਲਡਰ ਨਹੀਂ ਹੈ। ਤੇਲ ਨਾਲ ਮਸਹ ਕਰਨਾ ਅਨੰਦ ਕਰਨਾ ਦਾ ਪ੍ਰਤੀਕ ਹੋ ਸਕਦਾ ਹੈ ਕਿਉਂਕਿ ਮੋਜਜ਼ਿਆਂ ਨਾਲ ਚੰਗਾਈ ਪੱਕੀ ਹੋਣੀ ਸੀ। ਅਸਲ ਵਿਚ ਸਮਹ ਕਰਨਾ, ਸਾਫ਼ ਕਰਨਾ, ਪਹਿਨਣ ਅਤੇ ਕਿਸੇ ਚੰਗਾਈ ਲਈ ਜਸ਼ਨ ਮਨਾਉਣ ਲਈ ਖੜੇ ਹੋਣ ਦਾ ਪ੍ਰਤੀਕ ਸੀ। ਇਹ ''ਖੁਸ਼ੀ ਦਾ ਤੇਲ'' ਹੋ ਸਕਦਾ ਹੈ (ਜ਼ਬੂਰ 45:6, 7; ਇਬਰਾਨੀਆਂ 1:8, 9 ਵਿਚ ਦੁਹਰਾਇਆ)। ਮੇਜ਼ ਤੇ ਖਾਣਾ ਅਤੇ ਤੇਲ ਨਾਲ ਮਸਹ ਹੋਣਾ ਜ਼ਬੂਰ 23:5 ਵਾਲੇ ਆਨੰਦ ਦੇ ਮੌਕਿਆਂ ਦੇ ਪ੍ਰਤੀਕ ਸਨ।

''ਯਿਸੂ ਮਸੀਹ ਕੱਲ ਅਤੇ ਅੱਜ ਅਤੇ ਜੁੱਗੋ ਜੁੱਗ ਇਕ ਜਿਹਾ ਹੈ'' (ਇਬਰਾਨੀਆਂ 13:8), ਪਰ ਇਸ ਤੱਥ ਦਾ ਅਰਥ ਇਹ ਨਹੀਂ ਹੈ ਕਿ ਉਹ ਅੱਜ ਵੀ ਇਸੇ ਤਰ੍ਹਾਂ ਮੋਅਜਜ਼ੇ ਕਰਦਾ ਹੈ ਜਿਵੇਂ ਕਿਸੇ ਵਕਤ ਉਹ ਕਰਦਾ ਸੀ। ਕਿਸੇ ਵਕਤ ਉਹ ਮਨੁੱਖਾਂ ਦੇ ਵਿਚ ਲਗਦਾ ਸੀ ਪਰ ਅੱਜ ਉਹ ਸਰੀਰ ਨਾਲ ਸਾਡੇ ਵਿਚ ਨਹੀਂ ਹੈ। ਕਿਸੇ ਵਕਤ ਖ਼ੁਦਾ ਨੇ ਮਨੁੱਖ ਨੂੰ ਮਿੱਟੀ ਨਾਲ ਬਣਾਇਆ ਸੀ ਪਰ ਅੱਜ ਉਹ ਇੰਜ ਸਿੱਧੇ ਤੌਰ ਤੇ ਨਹੀਂ ਕਰਦਾ। ਮਸੀਹ ਸਦਾ ਤੋਂ ਉਹੀ ਹੈ, ਪਰ ਉਹ ਹਮੇਸ਼ਾ ਇੱਕੋ ਤਰ੍ਹਾਂ ਨਾਲ ਕੰਮ ਨਹੀਂ ਕਰਦਾ ਹੈ।

**ਲੋਕਾਂ ਲਈ ਖ਼ੁਦਾ ਦੀ ਚਿੰਤਾ (2:6-8)**

ਜਦ ਅਸੀਂ ਇਸ ਤੱਥ ਤੇ ਵਿਚਾਰ ਕਰਦੇ ਹਾਂ ਤਾਂ ਅਸੀਂ ਹੈਰਾਨ ਹੋ ਜਾਂਦੇ ਹਾਂ ਕਿ ਆਪਣੀ ਨਾ ਖ਼ਤਮ ਹੋਣ ਵਾਲੀ ਮਹਾਨਤਾ ਵਿਚ ਖ਼ੁਦਾ ਇਸ ਧਰਤੀ ਵਰਗੀ ਬਲੌਰ ਉੱਤੇ ਛੋਟੇ ਛੋਟੇ ਦੀਨ ਲੋਕਾਂ ਦੀ ਪਰਵਾਹ ਕਰਦਾ ਹੈ। ਹੱਬਲ ਦੂਰਬੀਨ ਅਤੇ ਹੋਰ ਵਿਗਿਆਨਕ ਪ੍ਰਾਪਤੀਆਂ ਤੋਂ ਸਾਨੂੰ ਪਤਾ ਚੱਲ ਰਿਹਾ ਹੈ ਕਿ ਅਕਾਸ਼ ਕਿੰਨਾਂ ਵਿਸ਼ਾਲ ਅਤੇ ਸਮਝ ਤੋਂ ਪਰੇ ਹੈ। ਸਾਡੀ ਆਪਣੀ ਸੂਰਜ ਪ੍ਰਣਾਲੀ ਦਾ ਕੇਂਦਰ ਤੁਲਨਾਤਮਕ ਤੌਰ ਤੇ ਛੋਟਾ ਸੂਰਜ ਹੈ। ਦੱਸਿਆ ਜਾਂਦਾ ਹੈ ਕਿ ਸਾਡਾ ਸੂਰਜ ਸਾਡੀਆਂ ਅਕਾਸ਼ਗੰਗਾ ਦੇ ਕੇਂਦਰ ਤੋਂ 35,000 ਪ੍ਰਕਾਸ਼ ਵਰ੍ਹੇ ਨਾਲੋਂ ਵੱਧ ਦੂਰ ਹੈ। ਸਾਰੀ ਕਾਇਨਾਤ ਦਾ ਸਿਰਜਣਹਾਰ ਖ਼ੁਦਾ ਨਿੱਜੀ ਤੌਰ ਤੇ ਸਾਡੇ ਛੋਟੇ ਜਿਹੇ ਗ੍ਰਹਿ ਤੇ ਆਇਆ।

ਸੂਰਜ ਉੱਤੇ 2002 *ਨਯੂਜ਼ਵੀਕ* ਰਸਾਲੇ ਵਿਚ ਲਿਖਿਆ ਗਿਆ, ''ਪਿੱਛਲੇ ਸਾਲ ਸੂਰਜ ਤੋਂ

ਸੱਭ ਤੋਂ ਵੱਡੀ [ਸੂਰਜ ਦੀ ਚਮਕ] ਨਿੱਕਲੀ ਜਿਸ ਨੂੰ ਵਿਗਿਆਨਕਾਂ ਨੇ ਕਦੇ ਨਹੀਂ ਵੇਖਿਆ ਸੀ।'' ਸੂਰਜ ਦੀ ਪ੍ਰਣਾਲੀ ਤੋਂ ''ਖ਼ਤਰਨਾਕ ਰੇਡੀਏਸ਼ਨ ਭਾਵ ਰੇਡੀਓਥਰਮੀ ਕਿਰਨਾਂ ਦੇ ਵੱਡੇ ਗੋਲਿਆਂ'' ਦਾ ''ਇਕੱਠੇ ਨਿੱਕਲਣਾ'' ਹੋਇਆ। ਲੱਖਾਂ ਮੀਲਾਂ ਤਕ ਅੱਗ ਦੀ ਜੀਭ ਫੈਲ ਗਈ। ਇਹ ਤਾਂ ਚੰਗਾ ਹੋਇਆ ਕਿ ਸਾਡੀ ਸੂਰਜ ਪ੍ਰਣਾਲੀ ਐਨੀ ਵੱਡੀ ਹੈ ਅਤੇ ਧਰਤੀ ਬਹੁਤ ਛੋਟੀ ਜਿਹੀ। ਉਹ ਅੱਗ ਸਾਡੇ ਵੱਲ ਨਹੀਂ ਆਈ, ਪਰ ਇੰਜ ਨਹੀਂ ਹੈ ਕਿ ਇੰਜ ਹਰ ਵਾਰੀ ਹੀ ਹੋਵੇ। ''ਉਸ ਦੇ ਸਿੱਧੇ ਟਕਰਾਉਣ ਨਾਲ ਬਿਜਲੀ ਦੀ ਕਟੌਤੀ, ਸੰਚਾਰ ਦੇ ਸਾਧਨਾਂ ਵਿਚ ਗੜਬੜੀ [ਨਾ ਮੰਨਣ ਵਾਲੀ] ਉੱਤਰ ਧਰੂਵੀ ਪ੍ਰਕਾਸ਼ ਦੀ ਤਾਂ ਗੱਲ ਹੀ ਨਾ ਕਰੋ।'' ਲੇਖਕ ਨੇ ਮੰਨਿਆ ਕਿ ''ਇਸ ਤੋਂ ਵੀ ਵੱਡਾ ਖ਼ਤਰਾ ਹੋ ਸਕਦਾ ਹੈ,'' ਪਰ ਮੰਨਿਆ ਕਿ ''ਫ਼ਰਕ ਬਹੁਤ ਦੂਰ ਹਨ।''[54] ਇਹ ਕਲਪਨਾ ਕਰਨਾ ਅਸਾਨ ਹੈ ਕਿ ਖ਼ੁਦਾ ਕਿਸ ਤਰ੍ਹਾਂ ਨਾਲ ਧਰਤੀ ਦਾ ਨਾਸ ਕਰਨ ਲਈ ਅਜਿਹੇ ਵਿਸਫ਼ੋਟਾਂ ਦੀ ਵਰਤੋਂ ਕਰ ਸਕਦਾ ਹੈ (ਵੇਖੋ 2 ਪਤਰਸ 3:10–13)। ਖ਼ੁਦਾ ਵਚਨ ਨਾਲ ਗੱਲ ਕਰਕੇ ਸੰਸਾਰ ਨੂੰ ਨਾਸ ਕਰ ਸਕਦਾ ਹੈ, ਪਰ ਨਾਲ ਹੀ ਉਹ ਸਾਨੂੰ ਤੌਬਾ ਕਰਨ ਦਾ ਮੌਕਾ ਦਿੰਦਾ ਹੈ (2 ਪਤਰਸ 3:9)। ਸੰਸਾਰ ਉੱਤੇ ਕੰਟਰੋਲ ਖ਼ੁਦਾ ਦੇ ਹੱਕ ਹੀ ਹੈ।

**ਤੌਬਾ ਕਰਨ ਦਾ ਵਕਤ (2:9, 10)**

ਦੁਸ਼ਟ ਲੋਕਾਂ ਤੋਂ ਮਨ ਕੌਣ ਬਦਲ ਸਕਦਾ ਹੈ? ਭਲਾ AIDS ਵਰਗੀ ਲਗਭਗ ਨਾ ਜਿੱਤੀ ਜਾ ਸਕਣ ਵਾਲੀਆਂ ਬਿਮਾਰੀਆਂ, ਜਿਹੜੀਆਂ ਮਨੁੱਖਜਾਤੀ ਦੇ ਜ਼ਿਆਦਾਤਰ ਲੋਕਾਂ ਨੂੰ ਹੋਸ਼ ਵਿਚ ਲਿਆਉਣ ਵਿਚ ਮਦਦਗਾਰ ਹੋਣਗੀਆਂ? 11 ਸਤੰਬਰ 2001 ਦੇ ਅੱਤਵਾਦੀ ਹਮਲੇ ਜਿਸ ਨੇ ਨਿਊ ਯਾਰਕ ਸ਼ਹਿਰ ਦੇ ਲੋਕਾਂ ਦੀਆਂ ਜਾਨਾਂ ਲਈਆਂ, ਪੈਂਟਾਗਨ ਅਤੇ ਪੈਨਸਿਲਵੇਨੀਆ ਦੇ ਗਰਾਉਂਡ ਤੋਂ ਲੱਗਿਆ ਕਿ ਅਮਰੀਕੀ ਲੋਕ ਰੂਹਾਨੀਅਤ ਵਿਚ ਬਹੁਤ ਹੱਦ ਤਕ ਉੱਚੇ ਉੱਠ ਗਏ ਹਨ। ਅੱਤਵਾਦੀਆਂ ਦੇ ਕੰਮ ਦੀ ਅਜਿਹੀ ਹੋਰ ਕਤਾਰ ਨਾਲ, ਜਾਂ ਤੁਫ਼ਾਨ ਜਾਂ ਭੁਚਾਲ ਨਾਲ ਹੋਣ ਵਾਲੀ ਮੌਤ ਅਤੇ ਨਾਲ ਨਾਲ ਆਸਾਨੀ ਨਾਲ ਇਕ ਵੱਡੀ ਜਾਗ੍ਰਤੀ ਆ ਸਕਦੀ ਹੈ। ਅਜਿਹੀਆਂ ਦੁੱਖਦਾਈ ਘਟਨਾਵਾਂ ਲੋਕਾਂ ਨੂੰ ਜਗਾ ਕੇ ਇਹ ਵਿਖਾ ਸਕਦੀਆਂ ਹਨ ਕਿ ਉਹ ਆਪਣੇ ਆਪ ਨੂੰ ਬਚਾ ਨਹੀਂ ਸਕਦੇ, ਇਸ ਲਈ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸਿਰਫ਼ ਸੱਚੇ ਅਤੇ ਜੀਉਂਦੇ ਖ਼ੁਦਾ ਵੱਲ ਪਰਤ ਆਉਣ! ਲੂਕਾ 13:1–5 ਵਿਚ ਯਿਸੂ ਨੇ ਲੋਕਾਂ ਨੂੰ ਤੌਬਾ ਕਰਨ ਲਈ ਕਹਿਣ ਲਈ ਦੁਰਘਟਨਾ ਨਾਲ ਅਤੇ ਜਾਣ ਬੁੱਝ ਕੇ ਦਿੱਤੀ ਮੌਤ ਦੋਹਾਂ ਦੀ ਉਦਾਹਰਣ ਵਰਤੀ। ਉਸ ਨੇ ਆਖਿਆ ਕਿ ਮਰ ਜਾਣ ਵਾਲੇ ਲੋਕ ਉਨ੍ਹਾਂ ਤੋਂ ਜ਼ਿਆਦਾ ਬੁਰੇ ਨਹੀਂ ਹਨ ਜਿਹੜੇ ਜੀਉਂਦੇ ਰਹਿ ਗਏ ਸਨ; ਪਰ ਉਨ੍ਹਾਂ ਦੀ ਮੌਤ ਸਾਡੇ ਲਈ ਤੌਬਾ ਕਰਨ ਲਈ ਚਿਤਾਵਨੀ ਹੋਣੀ ਚਾਹੀਦੀ ਸੀ। ਸਾਨੂੰ ਅਜਿਹੀਆਂ ਪੁਰਾਣੀਆਂ ਘਟਨਾਵਾਂ ਦੀ ਵਰਤੋਂ ਓਸੇ ਤਰ੍ਹਾਂ ਕਰਨੀ ਚਾਹੀਦੀ ਹੈ ਜਿਵੇਂ ਯਿਸੂ ਨੇ ਕੀਤੀ।

**ਮਾਫ਼ੀ ਨੂੰ ਸਹੀ ਠਹਿਰਾਉਣਾ (2:9, 10)**

ਜੇ ਹੋ ਸਕਦਾ ਤਾਂ ਖ਼ੁਦਾ ਸੰਸਾਰ ਦੀ ਮੁਕਤੀ ਲਈ ਆਪਣੇ ਪੁੱਤਰ ਦੀ ਮੌਤ ਦੇ ਇਲਾਵਾ ਕੋਈ ਹੋਰ ਰਾਹ ਲੱਭ ਸਕਦਾ ਸੀ। ਖ਼ੁਦਾ ਸਾਡੇ ਪਾਪਾਂ ਦੀ ਕੀਮਤ ਹੋਰ ਕਿਵੇਂ ਚੁਕਾ ਸਕਦਾ ਸੀ? ਪਾਪ ਐਨਾਂ ਭਿਆਨਕ, ਐਨਾਂ ਗੰਦਾ ਅਤੇ ਐਨਾਂ ਬੁਰਾ ਹੈ ਕਿ ਸਾਡੇ ਵਿੱਚੋਂ ਕੋਈ ਵੀ ਆਪਣੇ ਹੀ ਪਾਪਾਂ ਵਿੱਚੋਂ ਇਕ ਦੀ ਮਾਫ਼ੀ ਪਾਉਣ ਲਈ ਵੀ ਮੁੱਲ ਨਹੀਂ ਚੁਕਾ ਸਕਦਾ ਹੈ।

ਮਨੁੱਖਜਾਤੀ ਲਈ ਆਪਣੇ ਪ੍ਰੇਮ ਦੇ ਕਾਰਣ ਖ਼ੁਦਾ ਨੇ ਪਾਪ ਦਾ ਕਰਜ਼ ਚੁਕਾਉਣ ਦਾ ਇਕ ਢੰਗ ਲੱਭਿਆ, ਇਸ ਲਈ ਮੁਕੰਮਲ ਕੁਰਬਾਨੀ ਦੀ ਪੂਰੀ ਕੀਮਤ ਦੇਣੀ ਜ਼ਰੂਰੀ ਸੀ। ਸਿਰਫ਼ ਉਸ ਦਾ ਪੁੱਤਰ ਹੀ ਇਸ ਕਸਵੱਟੀ ਤੇ ਪੂਰਾ ਉੱਤਰ ਸਕਦਾ ਸੀ। ਉਹ ਪੁੱਤਰ ਮਸੀਹ ਮਨੁੱਖੀ ਤੌਰ ਤੇ ਆਪਣੇ ਆਪ ਨੂੰ

ਲਿਆਉਣ, ਧਰਤੀ ਉੱਤੇ ਰਹਿਣ ਅਤੇ ਮਨੁੱਖਜਾਤੀ ਦੇ ਪਾਪਾਂ ਲਈ ਮਰਨ ਨੂੰ ਰਾਜ਼ੀ ਹੋ ਗਿਆ। ਉਹ ਇਸ ਤਰ੍ਹਾਂ ਬਣ ਗਿਆ ''ਸਾਡੀ ਖ਼ਾਤਰ ਪਾਪ ... ਜੋ ਅਸੀਂ ਉਸ ਵਿਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ'' (2 ਕੁਰਿੰਥੀਆਂ 5:21)।

ਮਸੀਹੀ ਪ੍ਰਬੰਧ ਦੇ ਅੰਦਰ ਖ਼ੁਦਾ ਦੇ ਕੋਲ ਕਰਜ਼ ਚੁਕਾਉਣ ਦਾ ਤਰੀਕਾ ਹੈ ਜਿਸ ਲਈ ਸਚਮੁਚ ਦੀ ਕੁਰਬਾਨੀ ਜ਼ਰੂਰੀ ਸੀ। ਕਈ ਧਰਮ ਇਕ ਅਜਿਹੇ ਖ਼ੁਦਾ ਨੂੰ ਮੰਨਦੇ ਹਨ ਜਿਹੜਾ ਅਪਰਾਧ ਦਾ ਸਿਰਫ਼ ਮੁੱਲ ਹੀ ਨਹੀਂ ਮੰਗਦਾ ਹੋਵੇ ਸਗੋਂ ਜੋ ਅਟਕਲ ਤੋਂ ਤੈਅ ਕਰ ਸਕਦਾ ਹੈ ਕਿ ਕੁਝ ਲੋਕ ਦੋਸ਼ੀ ਹਨ ਜਦ ਕਿ ਦੂਜੇ ਲੋਕ ਪਾਪਾਂ ਦੀ ਕੁਰਬਾਨੀ ਦੇ ਬਿਨਾਂ ਬਚਾਏ ਗਏ। ਇੰਜ ਉਨ੍ਹਾਂ ਦੇ ਪਾਪ ਕੋਈ ਸਹੀ ਧਰਮ ਲਿਖਤੀ ਪ੍ਰਬੰਧ ਨਹੀਂ ਹਨ ਜਿਹੜੇ ਖ਼ੁਦਾ ਦੀ ਧਾਰਮਿਕਤਾ ਨੂੰ ਬਣਾਈ ਰੱਖਣ। ਜਿਹੜਾ ਜ਼ਿਆਦਾ ਸਹੀ ਲਗਦਾ ਹੈ ਉਹ ਸਹੀ ਮੁੱਲ ਚੁਕਾਉਣ ਦੀ ਮਸੀਹੀ ਧਾਰਣਾ ਜਾਂ ਉਹ ਖ਼ੁਦਾ ਹੈ ਜਿਹੜਾ ਸਿਰਫ਼ ਐਲਾਨ ਕਰਦਾ ਹੈ, ''ਸਭ ਸਾਫ਼ ਹੋ ਗਿਆ ਕਿਉਂਕਿ ਮੈਂ ਚੰਗਾ ਹਾਂ''? (ਵੇਖੋ ਰੋਮੀਆਂ 3:23–26.)

**ਮਸੀਹ ਦੇ ਦੁੱਖ ਝੱਲਣ ਤੇ ਅਪੱਤੀ (2:10)**

ਇਹ ਤੱਥ ਕਿ ਉਨ੍ਹਾਂ ਦੇ ਮਸੀਹਾ ਨੇ ਦੁੱਖ ਝੱਲਿਆ ਅਤੇ ਮਰ ਗਿਆ ਕਈ ਇਬਰਾਨੀ ਮਸੀਹੀ ਲੋਕਾਂ ਲਈ ਅਪਮਾਨ ਦੀ ਗੱਲ ਸੀ। ਉਨ੍ਹਾਂ ਨੂੰ ਇਹ ਪਤਾ ਹੋਣਾ ਜ਼ਰੂਰੀ ਸੀ ਕਿ ਇਹ ਨਾ ਸਿਰਫ਼ ਪਵਿੱਤਰ ਲਿਖਤ ਦੇ ਅਨੁਸਾਰ ਸੀ ਸਗੋਂ ਉਨ੍ਹਾਂ ਦੇ ਭਲੇ ਲਈ ਵੀ ਇਹ ਪੂਰੀ ਤਰ੍ਹਾਂ ਨਾਲ ਸਹੀ ਸੀ। ਲੋਕਾਂ ਲਈ ਜਿਨ੍ਹਾਂ ਨੇ ਸਦੀਆਂ ਤੋਂ ਯਹੂਦੀਆਂ ਵਾਂਗ ਦੁੱਖ ਸਹੇ ਹੋਣ ਆਪਣੇ ਨਵੇਂ ਰਾਜਾ ਵਿਚ ਧੰਨਵਾਦ ਦੇਣਾ ਅਤੇ ਅਨੰਦ ਕਰਨਾ ਸੁਭਾਵਿਕ ਹੋਣਾ ਚਾਹੀਦਾ ਸੀ ਜਿਹੜਾ ਉਨ੍ਹਾਂ ਲਈ ਓਸੇ ਤਰ੍ਹਾਂ ਦੁੱਖ ਝੱਲਣ ਨੂੰ ਤਿਆਰ ਸੀ ਜਿਵੇਂ ਉਨ੍ਹਾਂ ਨੇ ਝੱਲਿਆ ਸੀ। ਖ਼ੁਦਾ ਦੂਜਿਆਂ ਵੱਲੋਂ ਦਿਲਾਂ ਨੂੰ ਨਰਮ ਕਰਨ ਅਤੇ ਪਾਪੀਆਂ ਨੂੰ ਆਪਣੇ ਵੱਲ ਖਿੱਚਣ ਦੇ ਕਿਸੇ ਦੇ ਕੰਮ ਕਰਨ ਦੀ ਅਪੀਲ ਨੂੰ ਜਾਣਦਾ ਸੀ। ਇਹ ਸਭ ''ਬਹੁਤਿਆਂ ਪੁੱਤਰਾਂ ਨੂੰ ਤੇਜ ਵਿਚ'' ਲਿਆਉਣ (ਆਇਤ 10) ਦੇ ਇਰਾਦੇ ਨਾਲ ਸੀ, ਉਸ ਮਹਿਮਾ ਵਿਚ ਜਿਹੜੀ ਸੁਲੇਮਾਨ ਦੀ ਮਹਿਮਾ ਤੋਂ ਕਿਤੇ ਵੱਧ ਹੈ। ਖ਼ੁਦਾ ਨੇ ਕਦੀ ਵੀ ਕੁਝ ਕੁ ਲੋਕਾਂ ਨੂੰ ਬਚਾਉਣ ਦੀ ਇੱਛਾ ਨਹੀਂ ਕੀਤੀ ਸਗੋਂ ਉਸ ਨੇ ਚਾਹਿਆ ਕਿ ਸਾਰੇ ਲੋਕ ਤੌਬਾ ਕਰਨ ਲਈ ਆਉਣ (1 ਤਿਮੋਥਿਉਸ 2:4; 2 ਪਤਰਸ 3:9)। ਆਪਣੀ ਸਮਝ ਨਾਲ ਕੋਈ ਇਹ ਨਾ ਸੋਚੇ ਕਿ ਉਹ ਦਿੱਖਣ ਵਾਲੇ ਉਸ ਢੰਗ ਤੋਂ ਵਧੀਆ ਬਣਾ ਸਕਦਾ ਹੈ ਜਿਹੜਾ ਖ਼ੁਦਾ ਨੇ ਸਾਨੂੰ ਦਿੱਤਾ (ਯੂਹੰਨਾ 12:32)। ਇੰਜੀਲ ਦਾ ਪ੍ਰਚਾਰ ਅੱਜ ਵੀ ਸਾਰੇ ਲੋਕਾਂ ਨੂੰ ਆਪਣੇ ਵੱਲ ਖਿੱਚਣ ਲਈ ਖ਼ੁਦਾ ਦਾ ਢੰਗ ਹੈ (ਯੂਹੰਨਾ 6:44, 45)।

**ਮਸੀਹ ਦੀ ਥਾਂ (2:11)**

ਯਿਸੂ ਨੇ ਮੱਤੀ 25:40 ਵਿਚ ਹੈਰਾਨ ਕਰਨ ਵਾਲੀ ਗੱਲ ਦੱਸੀ ਕਿ ਜਦ ਕੋਈ ਮਸੀਹ ਵਿਚ ਕਿਸੇ ਭਾਈ ਦੀ ਮਦਦ ਕਰਦਾ ਹੈ ਤਾਂ ਅਸਲ ਵਿਚ ਪ੍ਰਭੂ ਦੀ ਮਦਦ ਕਰ ਰਿਹਾ ਹੁੰਦਾ ਹੈ। ਜਦ ਅਸੀਂ ਕਿਸੇ ਦੂਜੇ ਦੇ ਨਾਲ ਪਰਉਪਕਾਰੀ ਕੰਮ ਕਰਦੇ ਹਾਂ ਤਾਂ ਸਾਨੂੰ ਲਗਦਾ ਹੈ, ''ਮੈਂ ਉਹਦੇ ਲਈ ਮਸੀਹ ਬਣ ਗਿਆ ਹਾਂ।'' ਨਹੀਂ, ਤੁਸੀਂ ਗਲਤ ਹੋ। ਉਹ ਵਿਅਕਤੀ *ਤੁਹਾਡੇ ਲਈ* ਮਸੀਹ ਬਣ ਗਿਆ ਹੈ! ਅਸੀਂ ਉਸ ਵਿਚ ਆਪਣੇ ਭਾਈ ਅਤੇ ਭੈਣਾਂ ਨਾਲੋਂ ਵਧ ਕੇ ਆਦਰ ਨਾਲ ਵਿਹਾਰ ਕਰਕੇ ਜਿਸ ਵਿਚ ਅਸੀਂ ਉਸ ਦੇ ਫ਼ਾਇਦੇ ਲਈ ਨਿੱਜੀ ਕੁਰਬਾਨੀ ਤਕ ਦੇ ਦਿੰਦੇ ਹਾਂ, ਆਪਣੇ ਆਪ ਨੂੰ ਮਸੀਹ ਨਾਲ ਮਿਲਾਉਂਦੇ ਹਾਂ। ਭਲਾ ਤੁਸੀਂ ਮਸੀਹ ਵਿਚ ਮਿਲਣਾ ਪਸੰਦ ਕਰੋਗੇ? ਭਲਾ ਤੁਸੀਂ ਉਸ ਵੱਲੋਂ ''ਭਾਈ'' ਅਖਵਾਉਣਾ ਪਸੰਦ ਕਰੋਗੇ? ਤਾਂ ਫਿਰ ਅੱਜ ਕਿਸੇ ਲੋੜਮੰਦ ਭਰਾ ਜਾਂ ਭੈਣ ਨੂੰ ਲੱਭੋ ਅਤੇ ਉਸ ਦੀ ਮਦਦ ਨੂੰ ਪੂਰਾ ਕਰੋ। ਅਜਿਹਾ ਕਰਕੇ ਤੁਸੀਂ ਯਿਸੂ ਦੀ ਸੇਵਾ ਕਰ ਰਹੇ ਹੋਵੋਗੇ।

**ਮੌਤ: ਸ਼ੈਤਾਨ ਦੀ ਮੁੱਖ ਸ਼ਕਤੀ (2:14, 15)**

ਮਨੁੱਖਜਾਤੀ ਦੀ ਅਖ਼ੀਰਲੀ ਪੀੜ੍ਹੀ ਨੂੰ ਛੱਡ ਭਾਵ ਉਨ੍ਹਾਂ ਲੋਕਾਂ ਨੂੰ ਜਿਹੜੇ ਮਸੀਹ ਦੀ ਵਾਪਸੀ ਦੇ ਸਮੇਂ ਧਰਤੀ ਉੱਤੇ ਰਹਿ ਰਹੇ ਹੋਣਗੇ, ਉਨ੍ਹਾਂ ਦੀ ਵੀ ਮੌਤ ਪੱਕੀ ਹੈ (ਇਬਰਾਨੀਆਂ 9:27; 1 ਥੱਸਲੁਨੀਕੀਆਂ 4:13–17)। ਜਿਹੜੇ ਲੋਕ ਮੌਤ ਦੇ ਵਿਸ਼ੇ ਤੇ ਗੰਭੀਰਤਾ ਨਾਲ ਸੋਚਦੇ ਹਨ ਪਰ ਉਨ੍ਹਾਂ ਦਾ ਨਿਹਚਾ ਘੱਟ ਹੈ ਉਨ੍ਹਾਂ ਵਿਚ ਤਰਕਹੀਨ ਭੈਅ ਪੈਦਾ ਹੋ ਸਕਦੇ ਹਨ। ਮਰਨ ਦਾ ਭੈਅ ਸੁਭਾਵਿਕ ਹੈ ਪਰ ਜ਼ਰੂਰੀ ਨਹੀਂ ਹੈ।

ਇਕ ਜਵਾਨ ਦੇ ਰੂਪ ਵਿਚ ਮੌਤ ਤੇ ਆਪਣੀ ਦਾਦੀ ਦੇ ਲਾਪਰਵਾਹ ਵਿਹਾਰ ਤੋਂ ਮੈਂ ਥੋੜਾ ਹੈਰਾਨ ਹੋ ਗਿਆ। ਗਰੱਬਸ, ਆਰਕੈਂਸਾ ਚਰਚ ਬਿਲਡਿੰਗ ਦੇ ਬਿਲਕੁਲ ਪਿੱਛੇ ਆਪਣੇ ਘਰ ਦੇ ਵੇਹੜੇ ਦੇ ਸਾਹਮਣੇ ਬੈਠੇ ਹੋਏ ਉਹ ਆਖਣ ਲੱਗੀ, ''ਮੈਂ ਮਰਨ ਨੂੰ ਬਿਲਕੁਲ ਤਿਆਰ ਹਾਂ। ਮੈਂ ਤਾਂ ਸਿਰਫ਼ ਉਡੀਕ ਕਰ ਰਹੀ ਹਾਂ। ਮੈਨੂੰ ਇਸ ਦਾ ਕੋਈ ਡਰ ਨਹੀਂ।'' ਉਸ ਦੀ ਨਿਹਚਾ ਉੱਥੋਂ ਤਕ ਪਹੁੰਚ ਗਈ ਸੀ ਜਿੱਥੇ ਉਹ ਇਸ ਨੂੰ ਚਾਹੁੰਦੀ ਸੀ। ਉਸ ਨੂੰ ਇਹ ਭਰੋਸਾ ਸੀ ਕਿ ਉਸ ਦਾ ਅਯਾਲੀ ''ਘੋਰ ਹਨੇਰੇ ਨਾਲ ਭਰੀ ਹੋਈ ਢਲਾਨ ਵਿੱਚੋਂ ਹੋ ਕੇ'' ਉਸ ਦੇ ਨਾਲ ਚੱਲੇਗੀ। ਮੈਂ ਉਸ ਵਕਤ ਉਹ ਭਰੋਸਾ ਚਾਹੁੰਦਾ ਸੀ ਪਰ ਮੇਰੇ ਕੋਲ ਨਹੀਂ ਸੀ। ਹੁਣ ਪੈਂਤੀਆਂ ਤੋਂ ਜ਼ਿਆਦਾ ਸਾਲਾਂ ਦੇ ਬਾਅਦ ਮੈਂ ਇਸ ਦੇ ਨੇੜੇ ਆਇਆ ਹਾਂ–ਪਰ ਪੂਰੀ ਇਮਾਨਦਾਰੀ ਨਾਲ, ਮੈਨੂੰ ਯਕੀਨ ਨਹੀਂ ਹੈ ਕਿ ਮੇਰਾ ਨਿਹਚਾ ਉਸ ਦਰਜੇ ਤਕ ਪਹੁੰਚੀ ਹੈ ਜਾਂ ਨਹੀਂ।

ਅਗਸਤ 1999 ਵਿਚ ਮੈਨੂੰ ਤੇਜ਼ ਬੁਖਾਰ ਹੋਣ ਤੇ ਹੋਸਪਿਟਲ ਲਿਜਾਇਆ ਗਿਆ ਅਤੇ ਮੈਨੂੰ ਲੱਗਾ ਕਿ ਮੌਤ ਰਾਹ ਵਿਚ ਹੋਵੇਗੀ। ਪਰ ਤਿੰਨਾਂ ਗਡੀਆਂ ਦੇ ਕਾਫ਼ਿਲਾ ਜਿਸ ਵਿਚ ਮੇਰੀ ਪਤਨੀ, ਮੇਰੇ ਸਾਰੇ ਬੱਚੇ ਅਤੇ ਮੇਰਾ ਦਾਮਾਦ ਸੀ, ਮੈਨੂੰ ਉਸ ਸ਼ਾਂਤੀ ਦਾ ਅਹਿਸਾਸ ਹੋਇਆ ਜਿਹੜਾ ਮੈਂ ਸੋਚਿਆ ਨਹੀਂ ਸੀ। ਮੈਂ ਵਿਚਾਰ ਕੀਤਾ, ''ਜੇ ਮੇਰਾ ਸਮੇਂ ਆ ਗਿਆ ਹੈ ਤਾਂ ਮੈਂ ਖ਼ੁਦਾ ਵਿਚ ਆਪਣੇ ਨਿਹਚਾ ਅਤੇ ਆਪਣੇ ਬੱਚਿਆਂ ਦੇ ਆਪਣੇ ਨਾਲ ਹੋਣ ਤੋਂ ਵਧ ਕੇ ਕਿਸੇ ਹੋਰ ਗੱਲ ਬਾਰੇ ਸੋਚ ਨਹੀਂ ਸਕਦਾ ਸੀ।'' ਉਸ ਮੌਕੇ ਦੇ ਹੋਰ ਕਈ ਸਾਲ ਬਾਅਦ ਇਕ ਖ਼ਤਰਨਾਕ ਸੜਕ ਹਾਦਸੇ ਨੇ ਮੈਨੂੰ ਗੰਭੀਰਤਾ ਨਾਲ ਮੌਤ ਤੇ ਸੋਚਣ ਤੇ ਮਜ਼ਬੂਰ ਕਰ ਦਿੱਤਾ। ਯਿਸੂ ਵਿਚ ਮੇਰੇ ਨਿਹਚਾ ਨੇ ਮੌਤ ਦੇ ਭੈਅ ਨੂੰ ਖ਼ਤਮ ਕਰਨ ਵਿਚ ਮਦਦ ਕੀਤੀ। ਜਿਵੇਂ ਜਿਵੇਂ ਅਸੀਂ ਬੁੱਢੇ ਹੁੰਦੇ ਹਾਂ ਅਸੀਂ ਮੌਤ ਤੇ ਜ਼ਿਆਦਾ ਵਿਚਾਰ ਕਰਦੇ ਹਾਂ, ਖ਼ਾਸ ਕਰਕੇ ਜਦ ਕੋਈ ਸਾਡਾ ਦੋਸਤ ਇਸ ਸੰਸਾਰ ਤੋਂ ਚਲਿਆ ਜਾਂਦਾ ਹੈ। ਵਕਤ ਅਤੇ ਅਨੁਭਵ ਮੌਤ ਲਈ ਤਿਆਰ ਕਰਨ ਵਿਚ ਸਾਡੀ ਮਦਦ ਕਰ ਸਕਦੇ ਹਨ, ਅਤੇ ਉਨ੍ਹਾਂ ਅਨੁਭਵਾਂ ਨੂੰ ਖ਼ੁਦਾ ਵੱਲੋਂ ਬਰਕਤ ਮੰਨਿਆ ਜਾ ਸਕਦਾ ਹੈ–ਭਾਵੇਂ ਉਹ ਉਸ ਵਕਤ ਕਿੰਨੇ ਵੀ ਮੁਸ਼ਕਿਲ ਲਗਦੇ ਹੋਣ (ਰੋਮੀਆਂ 8:28)। ਖ਼ੁਦਾ ਦੇ ਵਾਅਦੇ ਵਿਚ ਨਿਹਚਾ ਅਤੇ ਭਰੋਸਾ ਸਾਨੂੰ ਉਹ ਸਾਰੇ ਹੌਂਸਲੇ ਦੇ ਸਕਦਾ ਹੈ ਜਿਸ ਦੀ ਸਾਨੂੰ ਲੋੜ ਹੈ।

ਯਿਸੂ ਸਾਡੇ ਲਈ ਕੀ ਲਿਆਇਆ (2:14, 15)

ਕੁਝ ਸਾਲ ਪਹਿਲਾਂ *ਰੀਡਰ'ਜ਼ ਡਾਈਜੈਸਟ* ਨੇ *ਪੀਸ ਚਾਈਲਡ* ਨਾਮਕ ਕਿਤਾਬ ਦੇ ਇਕ ਭਾਗ ਨੂੰ ਦੁਬਾਰਾ ਤੋਂ ਛਾਪਿਆ।[55] ਇਸ ਵਿਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਨਾਲ ਨਿਊ ਜੀਨੀਆ ਦੇ ਜੰਗਲ ਵਿਚ ਇਕ ਮਿਸ਼ਨਰੀ ਨੇ ਦੋ ਲੜਾਕੇ ਕਬੀਲਿਆਂ ਵਿਚਕਾਰ ਸੁਲ੍ਹਾ ਕਰਵਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਉਨ੍ਹਾਂ ਵਿਚ ਇਕ ਪੁਰਾਣੀ ਰੀਤ ਬਾਰੇ ਜਿਸ ਨੂੰ ਬਹੁਤ ਪਹਿਲਾਂ ਭੁਲਾ ਦਿੱਤਾ ਗਿਆ ਸੀ, ਜਿਸ ਦਾ ਨਾਂਅ ''ਪੀਸ ਚਾਈਲਡ'' ਸੀ ਜਾਣਿਆ। ਇਕ ਕਬੀਲੇ ਦਾ ਇਕ ਪਰਵਿਾਰ ਆਪਣੇ ਨਵਜੰਮੇ ਬੱਚੇ ਨੂੰ ਵਿਰੋਧੀ ਪਰਿਵਾਰ ਦੇ ਕਬੀਲੇ ਨੂੰ ਦਿੰਦਾ ਸੀ, ਬਦਲੇ ਵਿਚ ਵਿਰੋਧੀ ਪਰਿਵਾਰ ਵੀ ਅਜਿਹਾ ਹੀ ਕਰਦਾ ਸੀ। ਕਬੀਲਿਆਂ ਦੀ ਇਸ ਰੀਤ ਨੇ ਬੱਚਿਆਂ ਵੱਲੋਂ ਸਥਾਈ ਸ਼ਾਂਤੀ ਦੇ ਰਾਹੀਂ ਉਨ੍ਹਾਂ

ਨੂੰ ਏਕਤਾ ਦੇ ਬੰਧਨ ਵਿਚ ਬੰਨ੍ਹ ਦਿੱਤਾ। ਇਸ ਰੀਤ ਨੂੰ ਜਾਣ ਕੇ ਮਿਸ਼ਨਰੀ ਨੇ ਇਹ ਸਮਝਾਉਣ ਲਈ ਕਿ ਯਿਸੂ ਨੇ ਕੀ ਕੀਤਾ ਹੈ ਇਸੇ ਇੰਤਜ਼ਾਮ ਦੀ ਵਰਤੋਂ ਕੀਤੀ। ਖ਼ੁਦਾ ਦੇ ਪੀਸ ਚਾਈਲਡ ਭਾਵ ਸ਼ਾਂਤੀ ਦੇ ਬੱਚੇ ਦੇ ਤੌਰ ਤੇ ਉਸ ਨੂੰ ਸਾਡੇ ਪਾਪਾਂ ਲਈ ਆਪਣੇ ਆਪ ਨੂੰ ਦੇਣ ਅਤੇ ਉਸ ਨਾਲ ਸਾਨੂੰ ਸ਼ਾਂਤੀ ਭਰੇ ਢੰਗ ਵਿਚ ਲਿਆਉਣ ਲਈ ਸਾਡੇ ਪਾਪਾਂ ਨੇ ਦੁਸ਼ਮਣੀ ਮੁੱਲ ਲੈ ਲਈ ਸੀ, ਉਸ ਨੂੰ ਸੰਸਾਰ ਵਿਚ ਭੇਜਿਆ ਗਿਆ (ਅਫ਼ਸੀਆਂ 2:14)।

ਡਬਲਯੂ. ਬੀ. ਵੈਸਟ, ਜੂਨੀ., ਨੇ ਹੇਠ ਲਿਖੇ ਉਦਾਹਰਣ ਸਾਂਝੇ ਕੀਤੇ। ਇਕ ਮਾਂ ਕਿਸੇ ਦੂਜੀ ਮਾਂ ਨੂੰ ਤਸੱਲੀ ਲਈ ਆਈ ਜਿਸਦਾ ਬੱਚਾ ਹੁਣੇ ਹੁਣੇ ਮਰ ਗਿਆ ਸੀ। ਉਸ ਨੇ ਉਸ ਦੁੱਖ ਨੂੰ ਜੋ ਪਰੇਸ਼ਾਨ ਮਾਂ ਨੂੰ ਸੀ, ਬੜੇ ਹੀ ਸ਼ਾਨਦਾਰ ਢੰਗ ਨਾਲ ਬਿਆਨ ਕੀਤਾ, ਪਰ ਇਸ ਨਾਲ ਉਸ ਨੂੰ ਕੋਈ ਤਸੱਲੀ ਨਹੀਂ ਮਿਲੀ। ਇਕ ਹੋਰ ਮਾਂ ਆਈ ਅਤੇ ਬੜੇ ਮੂੰਹਫੱਟ ਤਰੀਕੇ ਨਾਲ ਬੋਲਣ ਲੱਗੀ, ਪਰ ਉਸ ਨੇ ਆਖਿਆ, ''ਮੈਂ ਤੇਰਾ ਦੁੱਖ ਜਾਣਦੀ ਹਾਂ ਕਿਉਂਕਿ ਕਬਰਿਸਤਾਨ ਵਿਚ ਇਕ ਛੋਟੀ ਜਿਹੀ ਕਬਰ ਹੈ ਜਿੱਥੇ ਮੈਂ ਵੀ ਆਪਣੇ ਛੋਟੇ ਬੱਚੇ ਨੂੰ ਰੱਖਿਆ ਹੈ।'' ਭਾਈ ਵੈਸਟ ਨੇ ਟਿੱਪਣੀ ਕੀਤੀ, ''ਉਸ ਦੀ ਤਸੱਲੀ ਕਿਤੇ ਵਧ ਕੇ ਸੀ।''

ਯਿਸੂ ਨੇ ਮਨ ਦੀ ਸ਼ਾਂਤੀ, ਸੰਤੁਸ਼ਟੀ ਅਤੇ ਆਪਣੇ ਅਤੇ ਆਪਣੇ ਖ਼ੁਦਾ ਦੇ ਸਾਹਮਣੇ ਸੰਤੁਸ਼ਟੀ ਦੀ ਤਸੱਲੀ ਸਾਨੂੰ ਦਿੱਤੀ ਹੈ। ਇਸ ਤੋਂ ਹੋਰ ਵੱਡੀ ਬਰਕਤ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ''ਸਿਰਫ਼ ਇਹੀ ਗੱਲ ਹੈ ਜਿਹੜੀ ਮੌਤ ਦੇ ਭੈਅ ਨੂੰ ਸਫ਼ਲਤਾ ਨਾਲ ਭਜਾਵੇਗੀ ਅਤੇ ਹਰ ਹਾਲਤ ਵਿਚ ਜਿੱਥੇ ਖ਼ੁਦਾ ਉਸ ਨੂੰ ਰੱਖੇ ਉਸ ਵਿਚ ਰਹਿਣ ਨੂੰ ਤਿਆਰ ਮਨੁੱਖ ਬਣਾ ਸਕਦੀ ਹੈ।''[56]

ਦੁਨਿਆਵੀ ਲੋਕ ਮੌਤ ਤੋਂ ਭੱਜਣ ਦਾ ਯਤਨ ਕਰਦੇ ਹਨ:

> ਉਹ ਕਦੇ ਇਹ ਨਹੀਂ ਸੋਚਦੇ ਕਿ ਉਹ ਇਸ ਨਾਲ ਬੱਚ ਸਕਦੇ ਹਨ ਅਤੇ ਜਦ ਉਹ ਉਨ੍ਹਾਂ ਤੇ ਆ ਪੈਂਦੀ ਹੈ ਤਾਂ ਉਹ ਬੇਚੈਨੀ ਨਾਲ ਭਰ ਜਾਂਦੇ ਹਨ। ਉਹ ਵਿਚਾਰ ਨੂੰ ਦੂਰ ਭਜਾਣ ਦਾ ਯਤਨ ਕਰਦੇ ਹਨ। ਉਹ *[ਦੂਜਿਆਂ ਦੇਸ਼ਾਂ]* ਵਿਚ ਚਲੇ ਜਾਂਦੇ ਹਨ; ਉਹ ਕਾਰੋਬਾਰ ਵਿਚ ਲੱਗ ਜਾਂਦੇ ਹਨ; ਉਹ ਮਨ ਨੂੰ ਛੋਟੀਆਂ ਛੋਟੀਆਂ ਗੱਲਾਂ ਨਾਲ ਭਰ ਲੈਂਦੇ ਹਨ; ਉਹ ਆਪਣੇ ਡਰ ਨੂੰ ਨਸ਼ਿਆਂ ਵਿਚ ਡੁਬੋ ਲੈਂਦੇ ਹਨ; ਪਰ ਅਸਲੀਅਤ ਆਉਣ ਤੇ ਇਹ ਸਾਰੇ ਢੰਗ ਮੌਤ ਨੂੰ ਹੋਰ ਖੌਫ਼ਨਾਕ ਅਤੇ ਡਰਾਵਨਾ ਹੀ ਬਣਾਉਂਦਾ ਹੈ।[57]

ਯਸਾਯਾਹ ਨੇ ਲਿਖਿਆ, ''ਯਹੋਵਾਹ ਕਹਿੰਦਾ ਹੈ, ਦੁਸ਼ਟਾਂ ਲਈ ਕੋਈ ਸ਼ਾਂਤੀ ਨਹੀਂ'' (ਯਸਾਯਾਹ 48:22)।

ਮਸੀਹੀ ਮਨੁੱਖ ਮੌਤ ਵਿਚ ਇਕ ਚਮਕਦਾਰ ਪੱਖ ਨੂੰ ਵੇਖ ਸਕਦਾ ਹੈ: ''ਜਦ ਮਨੁੱਖ ਦੇ ਤੌਰ ਤੇ ਅਸੀਂ ਆਪਣੀ ਰੱਸੀ ਦੇ ਸਿਰੇ ਤੇ ਹੁੰਦੇ ਹਾਂ, ਜਿਸ ਵਿਚ ਲੱਗੇ ਕਿ ਕੋਈ ਸਹਾਰਾ ਨਹੀਂ ਰਿਹਾ, ਨੈਤਿਕ ਹੋਵੇ ਜਾਂ ਸਰੀਰਕ ਤਦ ਮਸੀਹ ਇਹ ਵਾਅਦਾ ਲੈ ਕੇ ਆਪਣੇ 'ਬੱਚਿਆਂ' ਦੇ ਕੋਲ ਆਉਂਦਾ ਹੈ ਕਿ ਉਹ ਪੂਰੀ ਤਰ੍ਹਾਂ ਨਾਲ ਉਨ੍ਹਾਂ ਨੂੰ ਆਪਣੀ ਸੰਪੂਰਣ ਮਹਿਮਾ ਵਿਚ ਲਿਆਉਣ ਦੇ ਯੋਗ ਹੈ।'' ਸਾਡੇ ਨਾਲ ਦੇ ਭਾਵੇ ਜ਼ਿੰਦਗੀ ਅਤੇ ਮੌਤ ਦੇ ਦਬਾਵਾਂ ਦਾ ਸਾਹਮਣਾ ਨਾ ਕਰ ਸਕਣ ਪਰ ਯਿਸੂ ''ਭਿਆਨਕ ਅਜਮਾਇਸ਼ ਦੇ ਹਰ ਪਲ ਵਿਚ ਸਾਡੀ ਮਦਦ ਕਰਨ ਨੂੰ ਸਮਰੱਥ ਹੈ ...। ਉਹ ਸਾਨੂੰ ਰੂਹਾਨੀ ਬਰਬਾਦੀ ਵਿੱਚੋਂ ਕੱਢਣ ਵਿਚ ਸਮਰੱਥ ਹੈ ਅਤੇ ਸਾਨੂੰ ਆਪਣੇ ਛੁਡਾਏ ਹੋਏ ਬੱਚਿਆਂ ਦੇ ਤੌਰ ਤੇ ਅਨੰਤ ਖ਼ੁਦਾ ਦੇ ਸਾਹਮਣੇ ਲੈ ਜਾਣ ਵਿਚ ਸਮਰੱਥ ਹੈ।''[58] ਉਸ ਨੂੰ ਜਾਣਨਾ ਜੋ ਇਹ ਸਭ ਕੁਝ ਕਰ ਸਕਦਾ ਹੈ ਸਾਨੂੰ ਮੌਤ ਦੇ ਡਰ ਉੱਤੇ ਫ਼ਤਹਿ ਪਾਉਣ ਵਿਚ ਮਦਦ ਕਰਦਾ ਹੈ।

**''ਸਹਾਇਤਾ ਕਰ ਸੱਕਦਾ ਹੈ'' (2:18)**

''ਸਹਾਇਤਾ'' ਲਈ KJV ਵਿਚ ਸ਼ਬਦ ''ਲੋੜ ਦੇ ਵਕਤ ਦਿੱਤੀ ਗਈ ਸਹਾਇਤਾ'' ਹੈ। ਇਸ ਦਾ ਅਰਥ ''ਬੱਚੇ ਦੀਆਂ ਚੀਕਾਂ ਸੁਣ ਕੇ ਭੱਜਣਾ'' ਹੋ ਸਕਦਾ ਹੈ।[59] ਇਕ ਪ੍ਰੇਮੀ ਮਾਂ-ਪਿਓ ਦੇ ਵਾਂਗ ਯਿਸੂ ਖ਼ੁਦਾ ਦੇ ਬੱਚਿਆਂ ਨੂੰ ਜਦੋਂ ਵੀ ਲੋੜ ਹੁੰਦੀ ਹੈ ਮਦਦ ਲੈ ਆਉਂਦਾ ਹੈ। ਹੋ ਸਕਦਾ ਹੈ ਕਿ ਇਹ ਬਿਲੁਕਲ ਓਸੇ ਵਕਤ ਨਾ ਆਵੇ ਜਦ ਅਸੀਂ ਇਸ ਨੂੰ ਚਾਹੁੰਦੇ ਹਾਂ ਜਾਂ ਜਦੋਂ ਸਾਨੂੰ ਲਗਦਾ ਹੋਵੇ ਕਿ ਸਾਨੂੰ ਮਿਲਣੀ ਚਾਹੀਦੀ ਹੈ, ਪਰ ਇਹ ਸਹਾਇਤਾ ਆਉਂਦੀ ਹੈ, ਆਮ ਤੌਰ ਤੇ ਇਸ ਪ੍ਰਕਾਰ ਨਾਲ ਜਿਵੇਂ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ। ਹਾਲ ਹੀ ਵਿਚ ਮੈਂ ਫੇਰ ਤੋਂ ਇਕ ਸਪੱਸ਼ਟ ਉਦਾਹਰਣ ਵੇਖਿਆ ਹੈ ਕਿ ਸਾਡੀ ਲੜਕੀ ਆਪਣੇ ਨਵਜੰਮੇ ਜੁੜਵਾਂ ਬੱਚਿਆਂ ਦੀ ਮਦਦ ਲਈ ਭੱਜਦੀ ਹੈ, ਜਦੋਂ ਕਿ ਉਨ੍ਹਾਂ ਵਿੱਚੋ ਸਿਰਫ਼ ਇਕ ਰੋਣ ਲੱਗਦਾ ਹੈ। ਉਸ ਦੇ ਸਾਡੇ ਕੋਲ ਆਉਂਦੇ ਰਹਿਣ ਦੌਰਾਨ (ਬਹੁਤ ਵੱਡੇ ਕੰਮ ਵਿਚ ਆਪਣੀ ਮਾਂ ਵੱਲੋਂ ਮਦਦ ਮਿਲਣ ਲਈ) ਮੈਂ ਆਪਣੇ ਆਪ ਨੂੰ ਉਨ੍ਹਾਂ ਵਰ੍ਹਿਆਂ ਤੋਂ ਜ਼ਿਆਦਾ ਜਦ ਮੈਂ ਆਪਣੇ ਬੱਚਿਆ ਦੀ ਦੇਖਭਾਲ ਕਰਦਾ ਸੀ ''ਦਿਆਲੂ'' ਵੇਖਿਆ ਹੈ।

ਯਿਸੂ ਇਸੇ ਤਰ੍ਹਾਂ ਹੀ ਕਰਦਾ ਹੈ। ਉਹ ਸਾਡੀ ਮਦਦ ਕਰਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਸ਼ੈਤਾਨ ਰਾਹੀਂ ਪਰਖੇ ਜਾਣ ਦਾ ਕੀ ਅਰਥ ਸੀ, ਜਿਸ ਨੇ ਉਸ ਨੂੰ ਸਲੀਬ ਤੇ ਜਾਣ ਨੂੰ ਰੋਕ ਲਿਆ ਹੁੰਦਾ ਜੇ ਉਹ ਸ਼ੈਤਾਨ ਦੇ ਪਰਤਾਵੇ ਅੱਗੇ ਹਾਰ ਮੰਨ ਜਾਂਦਾ (ਮੱਤੀ 4:8, 9)। ਉਸ ਨੇ ਪਤਰਸ ਨੂੰ ਸ਼ੈਤਾਨ ਆਖ ਕੇ ਓਸੇ ਆਤਮਾ ਵਿਚ ਡਿੱਗ ਜਾਣ ਲਈ ਝਿੜਕਿਆ ਸੀ (ਮੱਤੀ 16:21-23), ਅਤੇ ਆਪਣੇ ਰਸੂਲਾਂ ਨੂੰ ਦੁਆ ਕਰਨ ਲਈ ਆਖਿਆ ਸੀ ਕਿ ਉਹ ਪਰੀਖਿਆ ਵਿਚ ਨਾ ਪੈਣ, ਕਿਉਂਕਿ ਉਸ ਨੂੰ ਪਤਾ ਸੀ ਕਿ ਉਹ ਪੈਣ ਵਾਲਾ ਹੈ (ਲੂਕਾ 22:39-46)। ਉਹ ਪਿਤਾ ਦੇ ਨਾਲ ਸਾਡੇ ਅੱਗੇ ਬੇਨਤੀ ਕਰਦਾ ਹੈ ਤਾਂ ਜੋ ਅਸੀਂ ਸ਼ੈਤਾਨ ਦੀ ਪਰੀਖਿਆ ਤੋਂ ਹਾਰ ਕੇ ਨਾਸ ਨਾ ਹੋ ਜਾਈਏ (ਲੂਕਾ 22:31, 32; ਇਬਰਾਨੀਆਂ 7:25)।

---

ਟਿੱਪਣੀਆਂ

[1]ਐੱਫ਼. ਐੱਫ਼. ਬਰੂਸ, *ਦ ਐਪਿਸਟਲ ਟੂ ਦ ਹਿਬਰੂਜ਼,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1964), 27. [2]ਮਾਰੀ ਅਤੇ ਨੁਜ਼ੀ ਦੇ ਕੋਡ ਪੁਰਖਿਆਂ ਦੇ ਕਾਲ ਦੇ ਨੇੜੇ ਤੇੜੇ ਦੇ ਹਨ ਅਤੇ ਪੁਰਾਣੇ ਨੇਮ ਦੀਆਂ ਰਸਮਾਂ ਤੇ ਰੌਸ਼ਨੀ ਪਾਉਣ ਵਿਚ ਮਦਦਗਾਰ ਹਨ। [3]ਜੇਮਸ ਮੌਫ਼ੱਟ, *ਏ ਕ੍ਰਿਟੀਕਲ ਐਂਡ ਐਕਸਜੇਟਿਕਲ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼* (ਨਿਊ ਯਾਰਕ: ਚਾਰਲਸ ਸਕ੍ਰਿਬਨਰ'ਜ਼ ਸੰਜ਼, 1924; ਰੀਪ੍ਰਿੰਟ, ਐਡਿਨਬਰਗ: ਟੀ. ਐਂਡ ਟੀ. ਕਲਾਰਕ, 1952), 18. [4]ਨੀਲ ਆਰ. ਲਾਈਟਫ਼ੁਟ, *ਜੀਜ਼ਸ ਕ੍ਰਾਈਸਟ ਟੁਡੇ: ਏ ਕਮੈਂਟਰੀ ਆਨ ਦ ਬੁਕ ਆਫ਼ ਹਿਬਰੂਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1976), 81 ਵਿਚ ਯਿਸੂ, ਫ਼ਿਲੋ, ਇਬਰਾਨੀਆਂ ਦੀ ਸਿੱਖਿਆ ਦੇ ਇਸ ਢੰਗ ਦੀਆਂ ਕੁਝ ਉਦਾਹਰਣਾਂ ਦਿੱਤੀਆਂ ਗਈਆਂ ਹਨ। [5]ਫ਼ਿਲਿਪ ਐਜਕੁੰਬ ਹਿਯੂਜਸ, *ਏ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1977), 76. [6]ਉਨ੍ਹਾਂ ਦਾਨਾਂ ਦੇ ਸ਼ੁਮਾਰ ਲਈ, ਵੇਖੋ 1 ਕੁਰਿੰਥੀਆਂ 12:4-11, 28-30. [7]ਜੇਮਸ ਡੀ. ਬੇਲਸ, *ਸਟੱਡੀਜ਼ ਇਨ ਹਿਬਰੂਜ਼* (ਸ਼ਰੇਵਰਪੋਟ, ਲੁਇਸਿਆਨਾ: ਲੈਂਬਰਟ ਬੁਕ ਹਾਉਸ, 1972), 29. [8]ਫ਼ਿਲੋ *ਆਨ ਦ ਅਨਚੇਂਜੇਬਲਨੈੱਸ ਆਫ਼ ਗੌਡ* 74; *ਕੰਨਸਰਨਿੰਗ ਨੋਆਹ'ਜ਼ ਵਰਕ ਐਜ਼ ਏ ਪਲੈਂਟਰ* 90; *ਆਨ ਡ੍ਰੰਕਨਨੈੱਸ* 61. [9]ਬਰੂਸ, 35. [10]ਜਿੰਮੀ ਐਲਨ, *ਸਰਵੇ ਆਫ਼ ਹਿਬਰੂਜ਼* (ਸਰਸੀ, ਆਰਕੈਂਸਾ: ਬਾਏ ਦਾ ਆਥਰ, 1980), 37.

[11]ਰੌਬਰਟ ਮਿਲਿਗਨ, *ਏ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼,* ਨਿਊ ਟੈਸਟਾਮੈਂਟ ਕਮੈਂਟਰੀਜ਼ (ਸਿਨਸਿਨਾਟੀ: ਚੇਜ਼ ਐਂਡ ਹਾਲ, 1876; ਰੀਪ੍ਰਿੰਟ, ਨੈਸ਼ਵਿੱਲ: ਗੌਸਪਲ ਐਡਵੋਕੇਟ ਕੰ., 1975), 99.

[12]ਮੂਲ ਨਾਉਂ ਸ਼ਬਦ *episkopos* ਜਿਸ ਤੋਂ ਭਾਵ ਜਿਹੜਾ ''ਰੱਖਵਾਲੀ ਕਰਦਾ'' ਜਾਂ ''ਦੇਖਭਾਲ ਕਰਦਾ'' ਹੈ, ਦਾ ਸਜਾਤੀ ਸ਼ਬਦ *episkeptomai* ਹੈ। [13]ਮਿਲਿਗਨ, 99. [14]ਵਾਰੇਨ ਡਬਲਯੂ. ਵਿਯਰਸਬੇ. *ਬੀ ਕੌਂਫ਼ਿਡੈਂਟ: ਐਨ ਐਕਸਪੋਜ਼ਿਟਰੀ ਸਟੱਡੀ ਆਫ਼ ਦ ਐਪਿਸਟਲ ਟੂ ਦ ਹਿਬਰੂਜ਼* (ਵ੍ਹੀਟਨ, ਇਲਿਨੋਇ: ਵਿਕਟਰ ਬੁਕਸ, 1982), 28. [15]*ਦ ਨਿਊ ਇੰਟਰਨੈਸ਼ਨਲ ਬਾਈਬਲ ਕਮੈਂਟਰੀ,* ਸੰਪਾ. ਐੱਫ਼. ਐੱਫ਼. ਬਰੂਸ, ਐੱਚ. ਐੱਲ. ਐਲੀਸਨ, ਅਤੇ ਜੀ. ਸੀ. ਡੀ. ਹਾਉਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1986), 1509 ਵਿਚ ਗੈਰਲਡ ਐੱਫ਼. ਹਾਅਥੌਰਨ, ''ਹਿਬਰੂਜ਼।'' [16]ਵਿਯਰਸਬੇ, 28. [17]ਹਾਅਥੌਰਨ, 1509. [18]ਕੈਲਵਿਨਵਾਦ ਦੀ ਸਿੱਖਿਆ ਵਿਚ ਪੰਜ ਬੁਨਿਆਦੀ ਨਿਯਮ ਦੱਸੇ ਜਾਂਦੇ ਹਨ ਜਿਨ੍ਹਾਂ ਨੂੰ ਪਰਿਵਰਣੀ ਸ਼ਬਦ ''TULIP'' ਨਾਲ ਦਰਸਾਇਆ ਜਾਂਦਾ ਹੈ ਜਿਸ ਵਿਚ T= ਟੋਟਲ ਡਿਪਰੇਵਿਰਟੀ ਭਾਵ ਮੁਕੰਮਲ ਦੁਸ਼ਟਤਾ, U= ਅਨਕੰਡਿਸ਼ਨਲ ਇਲੈਕਸ਼ਨ, ਭਾਵ ਬਿਨਾਂ ਸ਼ਰਤ ਚੋਣ, L= ਲਿਮਟਡ ਅਟੋਨਮੈਂਟ ਭਾਵ ਸੀਮਤ ਪ੍ਰਾਸਚਿਤ, I= ਈਰਿਸਸਟਿਬਲ ਗ੍ਰੇਸ ਭਾਵ ਪੱਕੀ ਕਿਰਪਾ, P= ਪਰਜ਼ਵਰੈਂਸ ਆਫ਼ ਦ ਸੇਂਟਸ ਭਾਵ ਸੰਤਾਂ ਦੀ ਲਗਨ। [19]ਬਰੂਸ, 43. [20]ਵਿਅਰਸਬੇ, 29.

[21]ਬਰੂਸ, 43. [22]ਗਰੇਥ ਐੱਲ. ਰੀਸ, *ਏ ਕ੍ਰਿਟੀਕਲ ਐਂਡ ਐਕਸਜੇਟਿਕਲ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼* (ਮੋਬਰਲੀ, ਮਿਜ਼ੋਰੀ: ਸਕ੍ਰਿਪਚਰ ਐਕਸਪੋਜ਼ਿਸ਼ਨ ਬੁਕਸ, 1992), 28, ਐੱਨ. 53. [23]*Teleioo* ਸ਼ਬਦ ਦੇ ਰੂਪਾਂ ਦੀ ਵਰਤੋਂ ਇਬਰਾਨੀਆਂ ਵਿਚ ਚੌਦਾਂ ਵਾਰ ਹੋਈ ਹੈ। ਇਸ ਸ਼ਬਦ ਦੀ ਵਰਤੋਂ ਭਾਵੇਂ ਚਾਹੇ ਗਏ ਮਕਸਦ ਜਾਂ ਵਿਚਾਰ ਅਧੀਨ ਲਈ ਕੀਤੀ ਜਾ ਸਕਦੀ ਹੈ ਜਾਂ ਇਸ ਤੋਂ ਭਾਵ ''ਮੁਕੰਮਲ,'' ''ਪੱਕਾ,'' ਜਾਂ ''ਪੂਰੀ ਤਰ੍ਹਾਂ ਨਾਲ ਤਿਆਰ'' ਹੋ ਸਕਦਾ ਹੈ। ਇਹ ਕਦੇ ਪਾਪ ਰਹਿਤ ਸਿੱਧਤਾ ਦਾ ਸੰਕੇਤ ਨਹੀਂ ਦਿੰਦਾ (ਰੀਸ, 29, ਐੱਨ. 54.) [24]''ਇਹਦਾ ਮਤਲਬ ਇਹ ਨਹੀਂ ਹੈ ਕਿ ਦੁੱਖ ਨੇ ਪ੍ਰਭੂ ਯਿਸੂ ਮਸੀਹ ਨੂੰ ਸਦਾਚਾਰੀ ਦੋਸ਼ਾਂ ਤੋਂ ਠੀਕ ਕਰ ਦਿੱਤਾ। ਇਹ ਅਸੰਭਵ ਸੀ, ਕਿਉਂ ਜੋ ਉਹ ਪਾਪ ਰਹਿਤ ਸੀ।'' (ਥੌਮਸ ਹੇਵਿਟ, *ਦ ਐਪਿਸਟਲ ਟੂ ਦ ਹਿਬਰੂਜ਼: ਐਨ ਇੰਟ੍ਰੋਡਕਸ਼ਨ ਐਂਡ ਕਮੈਂਟਰੀ*, ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1960], 70. [25]ਕਾਫ਼ਿਰ ਦੇਵਤਿਆਂ ਨੂੰ ''ਮਨਾਉਣਾ'' ਜ਼ਰੂਰੀ ਸੀ, ਪਰ ਸਾਡੇ ਖ਼ੁਦਾ ਨੂੰ ਨਹੀਂ। ਉਹ ਮਨੁੱਖ ਜਾਤੀ ਲਈ ਆਪਣੇ ਪਿਆਰ ਦੀ ਖ਼ਾਤਿਰ ਸਾਡੇ ਨਾਲ ਨਰਾਜ਼ ਨਹੀਂ ਹੈ। ਪੁਰਾਣੇ ਨੇਮ ਦੇ ਯੁੱਗ ਵਿਚ ਪਾਪਾਂ ਨੂੰ ''ਅਣਗੌਲਿਆ ਕਰਨ'' ਵਿਚ ਖ਼ੁਦਾ ਦਾ ਨਿਆਂ ਢੁਕਵੀਂ ਕੀਮਤ ਨਾਲ ਸਹੀ ਠਹਿਰਾਇਆ ਜਾਣਾ ਸੀ। ਕਾਫ਼ਿਰ ਜਗਤ ਵਿਚ ਰੋਮੀਆਂ 3:23–26 ਦੇ ਵਿਸ਼ਾ–ਵਸਤੂ ਨਾਲ ਮੇਲ ਖਾਂਦੀ ਕੋਈ ਗੱਲ ਨਹੀਂ ਸੀ। [26]''ਪਿਤਾ,'' ''ਪਰਿਵਾਰ'' ਜਾਂ ''ਕੁਲ'' ਸ਼ਬਦ ਅਨੁਵਾਦਕਾਂ ਵੱਲੋਂ ਦਿੱਤੇ ਗਏ ਹਨ, ਕਿਉਂ ਜੋ ਮੂਲ ਲਿਖਤ ਵਿਚ ਇੱਥੇ ਅਜਿਹੇ ਸ਼ਬਦ ਨਹੀਂ ਹਨ। [27]ਬਰੂਸ, 45. [28]ਜ਼ਬੂਰ 22:18, ਉਸ ਦੇ ਕੱਪੜਿਆਂ ਦੇ ਗੁਣੇ ਪਾਉਣ ਦੇ ਸਬੰਧ ਵਿਚ ਮੱਤੀ 27:35 ਪੂਰਾ ਹੋਣ ਦੀ ਗੱਲ ਸਪੱਸ਼ਟ ਕੀਤੀ ਗਈ। [29]ਹਿਯੂਜਸ, 108. [30]ਵੇਖੋ 1 ਪਤਰਸ 2:8; 1 ਕੁਰਿੰਥੀਆਂ 1:18, 23.

[31]ਹਾਅਥੌਰਨ, 1510. [32]ਇਨ੍ਹਾਂ ਹਵਾਲਿਆਂ ਦਾ ਦੋਹਰਾ ਅਰਥ ਹੋ ਸਕਦਾ ਹੈ ਜਿਨ੍ਹਾਂ ਵਿਚ ਕਈ ਵਿਚਾਰ ਮਸੀਹਾ ਲਈ ਹੋ ਸਕਦੇ ਹਨ। ਉਦਾਹਰਣ ਲਈ ਯਸਾਯਾਹ 7:14 ਅਤੇ ਮੱਤੀ 1:22 ਵਿਚ ''ਇਮਾਨੁਏਲ'' ਵੇਖੋ। ਯਸਾਯਾਹ ਦੇ ਸਮੇਂ ਵਿਚ ਪੈਦਾ ਹੋਣ ਵਾਲੇ ਬੱਚੇ ਨੂੰ ਇਮਾਨੁਏਲ ਆਖਿਆ ਜਾ ਸਕਦਾ ਹੋਵੇਗਾ ਜਦ ਕਿ ਨਬੂਵਤ ਅਜੇ ਮਸੀਹਾ ਵਿਚ ਵੱਡੇ ਅਰਥ ਵਿਚ ਪੂਰੀ ਹੋਣੀ ਸੀ, ਜਿਸ ਨੂੰ ਅਸਲ ਵਿਚ ਇਹ ਨਾਂਅ ਦਿੱਤਾ ਗਿਆ ਸੀ। (ਬਰੂਸ, 46–47; ਰੀਸ, 31, ਐੱਨ. 65 ਵਿਚ ਇਸ ਦੀ ਚਰਚਾ ਕੀਤੀ ਗਈ ਹੈ।) [33]ਬਰੂਸ, 46. ਬਰੂਸ ਦਾ ਹਵਾਲਾ ਸੀ. ਐੱਚ. ਡੌਡ, *ਅਕਾਰਡਿੰਗ ਟ ਦ ਸਕ੍ਰਿਪਚਰਜ਼: ਦ ਸਬ ਸਟ੍ਰਕਚਰ ਆਫ਼ ਨਿਊ ਟੈਸਟਾਮੈਂਟ* ਥਿਓਲੋਜੀ (ਨਿਊ ਯਾਰਕ: ਚਾਰਲਸ ਸਕ੍ਰਿਬਨਰ'ਜ਼ ਸੰਜ਼, 1953), 126–38. [34]ਬਰੂਕ ਫ਼ੌਸ ਵੈਸਟਕੌਟ, *ਦ ਐਪਿਸਟਲ ਟੂ ਦ ਹਿਬਰੂਜ਼: ਦ ਗ੍ਰੀਕ ਟੈਕਸਟਸ ਵਿਦ ਨੋਟਸ ਐਂਡ ਐਸੇਜ਼* (ਲੰਦਨ: ਮੈਕਮਿਲਨ ਐਂਡ ਕੰ., 1889; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1973), 52. [35]ਹਾਅਥੌਰਨ, 1510. [36]ਹਿਯੂਜਸ, 114 ਵਿਚ ਦੁਹਰਾਇਆ ਗਿਆ। [37]ਉਹੀ, 115. [38]ਐਲਬਰਟ

ਬਾਰਨਸ, *ਨੋਟਸ ਆਨ ਦ ਨਿਊ ਟੈਸਟਾਮੈਂਟ: ਹਿਬਰੂਜ਼ ਟੂ ਜਯੂਡ* (ਲੰਡਨ: ਬਲੈਕੀ ਐਂਡ ਸਨ, 1884–85; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1985), 72. [39]ਮਿਦ੍ਰਾਸ ਟੰਚੁਮਾ। *ਦ ਮਿਦ੍ਰਾਸ* ਪਵਿੱਤਰ ਲਿਖਤ ਦੇ ਭਾਗਾਂ ਦੇ ਯਹੂਦੀ ਲੇਖਾਂ ਦਾ ਸੰਗ੍ਰਹਿ ਹੈ। ਰੱਬੀਆਂ ਦੇ ਇਨ੍ਹਾਂ ਟੀਕਾਵਾਂ ਵਿਚ ਪਵਿੱਤਰ ਲਿਖਤ ਦੇ ਉੱਪਰੋਂ ਗੁਪਤ ਅਰਥ ਕੱਢਣ ਦਾ ਦਾਅਵਾ ਕੀਤਾ ਜਾਂਦਾ ਹੈ। [40]ਇਹ ਕਥਨ ਯੂਰੀਪਾਈਡਜ਼ ਦੇ ਇਕ ਅਗਿਆਤ ਨਾਟਕ ਦੇ ਇਕ ਹਿੱਸੇ ਤੋਂ ਲਿਆ ਗਿਆ ਹੈ।

[41]ਹਿਯੂਜਸ, 119. [42]ਹੁਗ ਮੌਂਟੇਫ਼ਿਓਰ, *ਏ ਕਮੈਂਟਰੀ ਆਨ ਦ ਐਪਿਸਟਲ ਟੂ ਦ ਹਿਬਰੂਜ਼,* ਹਾਰਪਰ'ਜ਼ ਨਿਊ ਟੈਸਟਾਮੈਂਟ ਕਮੈਂਟਰੀਜ਼ (ਨਿਊ ਯਾਰਕ: ਹਾਰਪਰ ਐਂਡ ਰੋਅ, 1964), 66. [43]ਜੇਮਸ ਟੀ. ਡ੍ਰੇਪਰ, ਜੂਨੀ., *ਹਿਬਰੂਜ਼, ਦ ਲਾਈਫ਼ ਦੈਟ ਪਲੀਜ਼ਜ਼ ਗੌਡ* (ਵ੍ਹੀਟਨ, ਇਲਿਨੋਇ: ਟਿੰਡੇਲ ਹਾਊਸ ਪਬਲੀਸ਼ਰਜ਼, 1976), 65. [44]ਹਿਯੂਜਸ, 122. [45]ਇਹ ਸੰਕੇਤ ਦਿੰਦਿਆਂ ਕਿ ਯਿਸੂ ਮਸੀਹੀ ਵਿਅਕਤੀ ਦੇ ਪਾਪ ਸ਼ੁੱਧ ਕਰਦਾ ਰਹਿੰਦਾ ਹੈ, ''ਪ੍ਰਾਸਚਿਤ'' ਵਰਤਮਾਨ ਕਾਲ ਵਿਚ ਦਿੱਤਾ ਗਿਆ ਹੈ। (ਵੇਖੋ 1 ਯੂਹੰਨਾ 1:7.) ਯਿਸੂ ਦਾ ਲਹੂ ਪਾਪਾਂ ਨੂੰ ਡੱਕ ਲੈਂਦਾ ਹੈ ਜਦ ਅਸੀਂ ਗਲਤੀ ਨਾਲ ਪਾਪ ਕਰਦੇ ਹਾਂ ਅਤੇ ਯਕੀਨਨ ਹੀ ਜਦੋਂ ਸਾਨੂੰ ਪਤਾ ਹੁੰਦਾ ਹੈ ਅਤੇ ਅਸੀਂ ਸੱਚੇ ਦਿਲੋਂ ਮੰਨ ਲੈਂਦੇ ਹਾਂ ਕਿ ਸਾਥੋਂ ਪਾਪ ਹੋਇਆ ਹੈ (ਵੇਖੋ 1 ਯੂਹੰਨਾ 1:8–10)। [46]ਡੇਲ ਪੁਲੇਟ, ਮਿਸ਼ਿੰਗਨ ਕ੍ਰਿਸਿਚਨ ਕਾਲਜ, ਹੁਣ ਰੋਚੈਸਟਰ ਕਾਲਜ, 12 ਮਾਰਚ 1966 ਨੂੰ ਦਿੱਤਾ ਗਿਆ ਲੈੱਕਚਰ। [47]ਵਿਅਰਸਬੇ, 31. [48]ਲਾਈਟਫ਼ੁਟ, 80. [49]ਹਿਯੂਜਸ, 111. [50]ਡ੍ਰੇਪਰ, 60.

[51]ਅੱਯੂਬ ਦੇ ਮਾਮਲੇ ਤੇ ਵਿਚਾਰ ਕਰੋ ਜਿਹੜਾ ਖ਼ੁਦਾ ਦੇ ਰੋਕਣ ਵਾਲੇ ਵਚਨ ਨੂੰ ਛੱਡ ਕੇ ਮਰ ਸਕਦਾ ਸੀ (ਅੱਯੂਬ 1:6–12)। [52]ਵਿਅਰਸਬੇ, 36. [53]ਜੋਜ਼ਫ਼ ਐਡਿਸਨ ਅਲਗਜ਼ੈਂਡਰ, ''ਦ ਡਾਇਮੰਡ ਮੈਨ,'' *ਮਾਸਟਰਪੀਸਜ਼ ਆਫ਼ ਰਿਲੀਜਿਅਸ ਵਰਸ,* ਸੰਪਾ. ਜੇਮਸ ਡਾਲਟਨ ਮੌਰਿਸ (ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼, 1948), 312. [54]ਫ੍ਰੈਡ ਗੁਟੇਰਲ, ''ਨਾਓ, ਦੈਟ'ਸ ਬੈਡ ਸਨਬਰਨ!'' *ਨਿਊਜ਼ਵੀਕ,* 17 ਜੂਨ 2002, 48. [55]ਡੌਨ ਰਿਚਰਡਸਨ, *ਪੀਸ ਚਾਈਲਡ* (ਗਲੈਂਡੇਲ, ਕੈਲੀਫ਼ੋਰਨੀਆ: ਰੀਗਲ ਬੁਕਸ, 1974)। [56]ਬਾਰਨਸ, 71. [57]ਉਹੀ, 72. [58]ਰੇਮੰਡ ਬ੍ਰਾਊਨ, *ਦ ਮੈਸੇਜ ਆਫ਼ ਹਿਬਰੂਜ਼: ਕ੍ਰਾਈਸਟ ਅਬੱਵ ਆਲ,* ਦ ਬਾਈਬਲ ਸਪੀਕਸ ਟੁਡੇ (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰ-ਵਰਸਿਟੀ ਪ੍ਰੈੱਸ, 1982), 73. [59]ਵਿਅਰਸਬੇ, 31.